ੴ ਸਤਿਗੁਰ ਪ੍ਰਸਾਦਿ ॥

# ਸਿੱਘ ਸਰਦਾਰਾਂ ਦੀ ਮੁਗ਼ਲ ਬਾਦਸ਼ਾਹ, 'ਸ਼ਾਹ ਆਲਮ ਦੂਜੇ' ਤੋਂ ਦਿੱਲੀ ਜਿੱਤ ਕੇ ਤਿਆਗਣ ਦੀ

## ਅਦਭੁੱਤ ਵੀਰ ਗਾਥਾ

## ਇਸ ਘਟਨਾ ਕਰਮ ਦਾ ਨਾਇਕ ਕਰੋੜ ਸਿੰਘੀਆ ਮਿਸਲ ਦਾ ਜੱਥੇਦਾਰ, ਸਰਦਾਰ ਬਘੇਲ ਸਿੰਘ

**11 ਮਾਰਚ 1783 ਈਸਵੀ**

## ਤਾਨਾਸ਼ਾਹੀ ਤੋਂ ਲੋਕ ਤੰਤ੍ਰ ਸਥਾਪਿਤ ਕਰਨ ਦਾ ਸਿੱਖ ਸਰਦਾਰਾਂ ਦਾ ਸੰਘ੍ਰਸ਼

### ਮੁਖ ਟੀਚਾ

ਵਰਤਮਾਨ ਸਮੇਂ ਵਿੱਚ ਤਿਆਗ ਅਤੇ ਬਲੀਦਾਨ ਦੀ ਅੱਧਭੁਤ ਵੀਰ ਗਾਥਾ ਉਨ੍ਹਾਂ ਦੇਸ਼ ਭਗਤਾਂ ਦੇ ਸਨਮੁਖ ਰਖਣ ਦਾ ਦ੍ਰਿੜ ਸੰਕਲਪ ਲੈ ਰਿਹਾ ਹਾਂ, ਜੋਕਿ ਇੱਸ ਭ੍ਰਸ਼ਟਾਚਾਰੀ ਸਮਾਜ ਵਿੱਚ ਕੁਰਸੀ ਦੀ ਛੀਨਾ- ਝਪਟੀ ਦੇ ਅਵੈਧ੍ਯ ਕਾਂਡਾਂ ਦਾ ਦ੍ਰਿਸ਼ ਦੇਖਦੇ-ਦੇਖਦੇ ਦੁਖੀ ਹਿਰਦੇ ਨਾਲ ਪ੍ਰਭੂ ਦੇ ਚਰਨਾਂ' ਚ ਬੇਨਤੀਆਂ ਕਰਦੇ ਰਹਿੰਦੇ ਹਨ ਕਿ ਵਾਹਿਗੁਰੂ ਇਨ੍ਹਾਂ ਕੁਰਸੀ ਦੇ ਭੁਖਿਆਂ ਰਾਜਨੇਤਾਵਾਂ ਨੂੰ ਵੀ ਸੁਮਤਿ ਬਖਸ਼ੋ ਜੀ !!!

**ਪ੍ਰਕਾਸ਼ਕ**

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲੇਖਕ: ਜਸਬੀਰ ਸਿੰਘ
Mob.: 9988160484
6239045985

Website :
www.gurunanakfoundation.info
E-mail :
gurunanakfoundation2019@gmail.com

Type Setting by:
Radheshyam Choudhary
Mob.: 9814966882

Download Free

# ਜੱਥੇਦਾਰ ਬਘੇਲ ਸਿੰਘ ਜੀ ਦਾ ਸੰਘਰਸ਼ ਮਈ ਜੀਵਨ

ਸਰਦਾਰ ਬਘੇਲ ਸਿੰਘ ਅਠਾਰ੍ਹਵੀਂ ਸਦੀ ਦੇ ਉਨ੍ਹਾਂ ਮਹਾਨ ਸਿੱਖ ਯੋਧਿਆਂ ਵਿਚੋਂ ਹਨ ਜਿਨ੍ਹਾਂ ਨੇ ਨਾ ਸਿਰਫ ਪੰਜਾਬ ਵਿੱਚ ਖ਼ਾਲਸਾ ਰਾਜ ਸਥਾਪਤ ਕਰਨ ਲਈ ਜ਼ਮੀਨ ਹੀ ਤਿਆਰ ਕੀਤੀ ਸਗੋਂ ਸੰਨ 1783 ਈਸਵੀ ਵਿੱਚ ਦਿੱਲੀ ਨੂੰ ਜਿੱਤ ਕੇ ਇੱਥੋਂ ਦੇ ਇਤਿਹਾਸਕ ਗੁਰਦੁਆਰਿਆਂ ਨੂੰ ਕਾਇਮ ਕੀਤਾ, ਜਿਨ੍ਹਾਂ ਲਈ ਮਾਨਵ ਜਾਤਿ ਸਦਾ ਉਨ੍ਹਾਂ ਦੀ ਰਿਣੀ ਰਹੇਗੀ।

ਸਰਦਾਰ ਬਘੇਲ ਸਿੰਘ ਪਿੰਡ ਝਬਾਲ, ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ। ਉਸ ਦਾ ਜਨਮ 1725 ਈਸਵੀਂ ਦੇ ਆਸ ਪਾਸ ਹੋਇਆ। ਕਈ ਇਤਿਹਾਸਕਾਰ ਉਸਨੂੰ ਰਿਹਾਣਾ ਜੱਟਾਂ (ਜ਼ਿਲ੍ਹਾ ਹੁਸ਼ਿਆਰਪੁਰ) ਦਾ ਵਸਨੀਕ ਮੰਨਦੇ ਹਨ। ਉਨ੍ਹਾਂ ਦਾ ਖਿਆਲ ਹੈ ਕਿ ਝਬਾਲ ਵਿਖੇ ਸਰਦਾਰ ਬਘੇਲ ਸਿੰਘ ਦੀ ਭੈਣ ਸੁੱਖਾਂ ਵਿਆਹੀ ਹੋਈ ਸੀ ਅਤੇ ਮਗਰੋਂ ਉਹ ਆਪ ਵੀ ਇੱਥੇ ਆ ਕੇ ਵੱਸ ਗਿਆ ਸੀ। ਭਾਈ ਰਤਨ ਸਿੰਘ (ਭੰਗੂ) ਅਤੇ ਗਿਆਨੀ ਗਿਆਨ ਸਿੰਘ ਅਨੁਸਾਰ ਉਹ ਧਾਲੀਵਾਲ ਜੱਟ ਸੀ। ਜ਼ਮੀਨ ਦੀ ਵਾਹੀ ਅਤੇ ਸਰਕਾਰ ਨੂੰ ਲਗਾਨ ਦੇਣ ਤੇ ਮਸਲੇ ਤੇ ਭਰਾਵਾਂ ਨਾਲ ਮੱਤਭੇਦ ਹੋ ਜਾਣ ਕਾਰਨ ਉਹ ਘਰ ਛੱਡ ਕੇ ਦਲ ਖ਼ਾਲਸਾ ਪੰਥ ਵਿੱਚ ਰਲ ਗਿਆ। ਸਮੇਂ ਦੀ ਚਾਲ ਨਾਲ ਉਹ ਆਪਣੀ ਰਾਜਸੀ ਸੂਝ-ਬੂਝ, ਸਾਹਸ ਅਤੇ ਦਲੇਰੀ ਕਾਰਨ ਕਰੋੜ ਸਿੰਘੀਆ ਮਿਸਲ ਦਾ ਜੱਥੇਦਾਰ ਬਣ ਗਿਆ। 'Fall of the Mughal Empire' ਵਿੱਚ ਸਰ ਜਾਦੂਨਾਥ ਸਰਕਾਰ ਲਿਖਦਾ ਹੈ ਕਿ 35 ਵਰ੍ਹਿਆਂ ਵਿੱਚ ਉਹ ਆਪਣੀ ਮਿਸਲ ਦਾ ਸਭ ਤੋਂ ਵੱਧ ਕਿਰਿਆਸ਼ੀਲ ਅਤੇ ਪ੍ਰਸਿੱਧੀ ਵਾਲਾ ਸਰਦਾਰ ਹੋ ਨਿਬੜਿਆ।

## ਕਾਰਜ ਦੀ ਆਰੰਭਤਾ :

ਮਿਸਲ ਦੀ ਜੱਥੇਦਾਰੀ ਦਾ ਕਾਰਜ-ਭਾਰ ਸੰਭਾਲਦਿਆਂ ਹੀ ਉਸ ਨੇ ਜਲੰਧਰ-ਦੁਆਬ ਵਿੱਚ ਆਪਣਾ ਦਬਦਬਾ ਕਾਇਮ ਕਰ ਲਿਆ। ਇਸਦੇ ਮਗਰੋਂ ਉਸਦਾ ਅਗਲਾ ਕਦਮ ਤਲਵਨ (ਜਲੰਧਰ) ਵਿਖੇ ਇਕ ਕਿਲ੍ਹਾ ਉਸਾਰਨਾ ਅਤੇ ਇਕ ਥਾਣਾ ਕਾਇਮ ਕਰਨਾ ਸੀ ਤਾਂ ਕਿ ਜਿਸ ਨਾਲ ਆਸ-ਪਾਸ ਦੇ ਇਲਾਕਿਆਂ ਦੀ ਸੁਰੱਖਿਆ ਅਤੇ ਉਨ੍ਹਾਂ ਵਿੱਚ ਅਮਨ-ਅਮਾਨ ਕਾਇਮ ਰੱਖਿਆ ਜਾ ਸਕੇ।

ਜਲੰਧਰ, ਅੰਬਾਲਾ ਅਤੇ ਹਰਿਆਣਾ ਦੇ ਉੱਤਰ -ਪੱਛਮੀ ਇਲਾਕਿਆਂ ਉੱਪਰ ਆਪਣਾ ਅਧਿਕਾਰ ਕਾਇਮ ਕਰ ਲੈਣ ਮਗਰੋਂ ਸਰਦਾਰ ਬਘੇਲ ਸਿੰਘ ਨੇ ਕਰਨਾਲ ਤੋਂ 32 ਕਿਲੋਮੀਟਰ ਦੂਰ **ਛਲੌਂਦੀ ਨਾਮ ਦੇ ਸਥਾਨ 'ਤੇ** ਆਪਣਾ ਮੁੱਖ ਅਤੇ ਕੇਂਦਰੀ ਟਿਕਾਣਾ ਸਥਾਪਤ ਕੀਤਾ। ਇੱਥੋਂ ਗੰਗਾ-ਜਮਨਾ ਦੁਆਬ ਅਤੇ ਦਿੱਲੀ ਦੇ ਆਸ-ਪਾਸ ਦੇ ਸ਼ਾਹੀ ਇਲਾਕਿਆਂ 'ਤੇ ਹਮਲਾ ਕਰਨਾ ਆਸਾਨ ਸੀ। ਉਸ ਨੇ ਪੂਰਬੀ ਪੰਜਾਬ ਅਤੇ ਉੱਤਰ ਪ੍ਰਦੇਸ਼ ਦੇ ਪੀਲੀ ਭੀਤ ਸਮੇਤ ਕਈ ਨਗਰਾਂ 'ਤੇ ਕਬਜ਼ਾ ਕਰਕੇ ਆਪਣੀ ਮਿਸਲ ਦੀ ਅਜਿਹੀ ਧਾਂਕ ਜਮਾ ਲਈ ਕਿ ਉੱਤਰੀ ਭਾਰਤ ਵਿੱਚ ਅਹਿਮਦਸ਼ਾਹ ਅਬਦਾਲੀ ਵਲੋਂ ਨਿਯੁਕਤ ਕੀਤੇ ਗਏ ਅਫ਼ਗਾਨ ਫ਼ੌਜਦਾਰ, ਮੁਗ਼ਲ, ਰੁਹੇਲੇ ਅਤੇ ਮਰਾਠਿਆਂ ਤੋਂ ਇਲਾਵਾ, ਬੰਗਾਲ ਵਲੋਂ ਦਿੱਲੀ ਵੱਲ ਵਧਦੇ ਚਲੇ ਆ ਰਹੇ ਅੰਗਰੇਜ਼ ਵੀ ਉਸ ਨਾਲ ਮਿੱਤਰਤਾ ਕਾਇਮ ਕਰਨ ਲਈ ਤਤਪਰ ਰਹਿਣ ਲੱਗੇ। ਰਾਜਸੀ ਗੱਠਜੋੜ ਕਰਨ ਵਿੱਚ ਸਰਦਾਰ ਬਘੇਲ ਸਿੰਘ ਪਹਿਲੇ ਦਰਜੇ ਦਾ ਉਸਤਾਦ ਸੀ। ਕਈ ਵਾਰ ਰੁਹੇਲੇ, ਅਫ਼ਗਾਨ, ਮਰਾਠੇ, ਮੁਗ਼ਲ ਅਤੇ ਸਿੱਖ ਸਰਦਾਰ ਵੀ ਧੋਖਾ ਖਾ ਜਾਂਦੇ ਸਨ।

5 ਫਰਵਰੀ 1762 ਨੂੰ ਵੱਡੇ ਘੱਲੂਘਾਰੇ ਦੇ ਮੌਕੇ 'ਤੇ ਕਰੀਬ 30,000 ਸਿੰਘਾਂ, ਸਿੱਖ ਬੱਚਿਆਂ ਅਤੇ ਇਸਤਰੀਆਂ ਨੂੰ ਕਤਲ ਕਰ ਕੇ ਅਬਦਾਲੀ ਸਮਝ ਬੈਠਾ ਸੀ ਕਿ ਹੁਣ ਇਹ ਕੌਮ ਵੀ ਦੁਬਾਰਾ ਉੱਠਣ ਜੋਗੀ ਨਹੀਂ ਪ੍ਰੰਤੂ ਸਿੱਖਾਂ ਨੇ ਜਨਵਰੀ 1764 ਵਿੱਚ ਸਰਹੰਦ ਜਿੱਤ ਕੇ ਸਾਬਤ ਕਰ ਦਿੱਤਾ ਕਿ ਕੋਈ ਵੀ ਰਾਜਸੀ ਸ਼ਕਤੀ ਉਨ੍ਹਾਂ ਨੂੰ ਖਤਮ ਨਹੀਂ ਕਰ ਸਕਦੀ।

ਫਰਵਰੀ 1764 ਈ: ਵਿੱਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਬਘੇਲ ਸਿੰਘ ਨੇ 40,000 ਸਿੰਘਾਂ ਦੀ ਸੈਨਾ ਨਾਲ 'ਬੂੜੀਏ' ਦੇ ਪੱਤਣੋਂ ਜਮਨਾ ਨਦੀ ਪਾਰ ਕੀਤੀ ਅਤੇ ਸਹਾਰਨਪੁਰ 'ਤੇ ਹਮਲਾ ਬੋਲ ਦਿੱਤਾ। ਇਹ ਇਲਾਕਾ ਰੁਹੇਲੇ ਸਰਦਾਰ ਨਜੀਬ-ਉ-ਦੌਲਾ ਦੇ ਅਧਿਕਾਰ ਵਿੱਚ ਸੀ। 20 ਫਰਵਰੀ, 1764 ਨੂੰ ਸਿੱਖਾਂ ਨੇ ਇਸ ਨਗਰ 'ਤੇ ਆਪਣਾ ਅਧਿਕਾਰ ਜਮਾ ਲਿਆ। ਇਸ ਮੁਹਿੰਮ ਵਿੱਚ ਸਰਦਾਰ ਬਘੇਲ ਸਿੰਘ ਦੇ ਨਾਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੋਂ ਛੁੱਟ ਸਰਦਾਰ ਖੁਸ਼ਹਾਲ ਸਿੰਘ, ਸਰਦਾਰ ਤਾਰਾ ਸਿੰਘ, ਸਰਦਾਰ ਗੁਰਬਖਸ਼ ਸਿੰਘ, ਸਰਦਾਰ ਕਰਮ

ਸਿੰਘ ਅਤੇ ਸਰਦਾਰ ਰਾਇ ਸਿੰਘ ਆਦਿ ਸਾਰੇ ਸਰਦਾਰ ਸ਼ਾਮਲ ਸਨ। ਇਸ ਹਮਲੇ ਦੌਰਾਨ ਉਨ੍ਹਾਂ ਨੇ ਸ਼ਾਮਲੀ, ਕਾਂਧਲਾ, ਅੰਬਲੀ, ਮੀਰਾਂਪੁਰ, ਦਿਉਬੰਦ ਮੁਜ਼ੱਫਰਨਗਰ, ਜੁਆਲਾਪੁਰ, ਕਨਖਲ, ਲੰਢੋਰਾ ਅਤੇ ਨਜੀਬਾਬਾਦ ਆਦਿ ਨਗਰਾਂ ਨੂੰ ਜਿੱਤ ਕੇ ਨਜੀਬ-ਉ-ਦੌਲਾ ਲਈ ਬੜੀ ਭਾਰੀ ਪਰੇਸ਼ਾਨੀ ਪੈਦਾ ਕਰ ਦਿੱਤੀ। ਉਨ੍ਹਾਂ ਨੇ ਨਗੀਨਾ, ਮੁਰਾਦਾਬਾਦ, ਚੰਦੌਸੀ, ਅਨੂਪ ਸ਼ਹਿਰ ਅਤੇ ਗੜ੍ਹ-ਮੁਕਤੇਸ਼ਵਰ 'ਤੇ ਹਮਲਾ ਕਰਕੇ ਇਕੋ ਝਟਕੇ ਵਿੱਚ ਅਵਧ ਅਤੇ ਦਿੱਲੀ ਲਈ ਵੀ ਖਤਰਾ ਪੈਦਾ ਕਰ ਦਿੱਤਾ ਸੀ। ਆਪਣੇ ਹਾਰੇ ਹੋਏ ਇਨ੍ਹਾਂ ਇਲਾਕਿਆਂ ਨੂੰ ਦੁਬਾਰਾ ਹਾਸਲ ਕਰਨ ਲਈ ਨਜੀਬ-ਉ-ਦੌਲਾ ਨੇ ਸਿੱਖ ਸਰਦਾਰਾਂ ਨੂੰ 11 ਲੱਖ ਰੁਪਿਆ ਨਜ਼ਰਾਨਾ ਭੇਟ ਕਰਕੇ ਉਨ੍ਹਾਂ ਦੀ ਅਧੀਨਗੀ ਪ੍ਰਵਾਨ ਕਰ ਲਈ। ਦਲ ਖ਼ਾਲਸਾ ਆਪਣੇ ਮਿਸ਼ਨ ਦੀ ਇਸ ਵੱਡੀ ਸਫ਼ਲਤਾ ਮਗਰੋਂ ਪੰਜਾਬ ਵਪਾਸ ਪਰਤ ਆਇਆ।

1767 ਈ : ਵਿੱਚ ਅਹਿਮਦਸ਼ਾਹ ਅਬਦਾਲੀ ਨੇ ਆਪਣੀ ਵਿਸ਼ਾਲ ਸੈਨਾ ਨਾਲ ਦਰਿਆ ਬਿਆਸ ਦੇ ਕੰਢੇ ਪੜਾਅ ਕੀਤਾ। ਨਜੀਬ-ਉ-ਦੌਲਾ ਆਪਣੀਆਂ ਫ਼ੌਜਾਂ ਲੈ ਕੇ ਉਸਦੀ ਸੇਵਾ ਵਿੱਚ ਹਾਜ਼ਰ ਹੋਇਆ। ਸਿੱਖ ਸਰਦਾਰਾਂ ਨੇ ਨਜੀਬ-ਉ-ਦੌਲਾ ਦੇ ਇਲਾਕਿਆਂ 'ਤੇ ਹਮਲਾ ਬੋਲ ਦਿੱਤਾ। ਸਿੱਖ ਸਰਦਾਰ ਅੰਬੇਟਾ, ਨਨੌਤੀ ਅਤੇ ਮੇਰਠ ਨੂੰ ਲਿਤਾੜਦੇ ਹੋਏ ਸ਼ਾਮਲੀ ਤੱਕ ਪਹੁੰਚ ਗਏ। ਨਜੀਬ-ਉ-ਦੌਲਾ ਨੇ ਆਪਣੇ ਇਲਾਕਿਆਂ ਦੀ ਸੁਰੱਖਿਆ ਲਈ ਅਹਿਮਦਸ਼ਾਹ ਅਬਦਾਲੀ ਨੂੰ ਬੇਨਤੀ ਕੀਤੀ। ਡਾ. ਐਨ. ਕੇ. ਸਿਨ੍ਹਾ ਲਿਖਦਾ ਹੈ ਕਿ ਅਬਦਾਲੀ ਅਤੇ ਨਜੀਬ ਦੀਆਂ ਫ਼ੌਜਾਂ ਨਾਲ ਹੋਏ ਮੁਕਾਬਲੇ ਵਿੱਚ ਸਰਦਾਰ ਬਘੇਲ ਸਿੰਘ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਪਰ ਸਿੱਖਾਂ ਦੁਆਰਾ ਕੀਤੀ ਗਈ ਇਸ ਫ਼ੌਜੀ ਕਾਰਵਾਈ ਕਾਰਨ ਅਹਿਮਦਸ਼ਾਹ ਅਬਦਾਲੀ ਨੂੰ ਪੰਜਾਬ ਤੋਂ ਨਿਰਾਸ਼ ਹੀ ਵਾਪਸ ਕਾਬਲ ਪਰਤਣਾ ਪਿਆ।

ਸਰਦਾਰ ਬਘੇਲ ਸਿੰਘ ਨੇ ਜਿੱਤੇ ਹੋਏ ਇਲਾਕਿਆਂ ਵਿੱਚ ਪੁਲਿਸ-ਚੌਕੀਆਂ ਸਥਾਪਤ ਕੀਤੀਆਂ। ਪਰ ਦੇਸ਼ ਵਿੱਚ ਹਰ ਪਾਸੇ ਫੈਲੀ ਅਫਰਾ-ਤਫਰੀ ਦੇ ਕਾਰਨ ਇਹ ਇੰਤਜ਼ਾਮ ਬਹੁਤੀ ਦੇਰ ਤੱਕ ਕਾਇਮ ਨਾ ਰਹਿ ਸਕੇ।

**ਹਿੰਦੁਸਤਾਨੀ ਔਰਤਾਂ ਨੂੰ ਅਹਿਮਦ ਸ਼ਾਹ ਅਬਦਾਲੀ ਤੋਂ ਛੁਡਵਾਉਣਾ:**

ਕਿਸੇ ਸਾਂਝੇ ਖਤਰੇ ਵੇਲੇ ਇਹ ਸਿੱਖ ਸਰਦਾਰ ਆਪਣੇ ਨਿੱਜੀ ਗਿਲੇ-ਸ਼ਿਕਵੇ ਭੁਲਾ

ਕੇ ਇਕ ਹੋ ਜਾਇਆ ਕਰਦੇ ਸਨ। ਅਗਲੇ ਸਾਲ ਜਦੋਂ ਅਹਿਮਦਸ਼ਾਹ ਅਬਦਾਲੀ ਸਿਆਲਕੋਟ ਅਤੇ ਪੰਜਾਬ ਦੇ ਹੋਰ ਇਲਾਕਿਆਂ ਵਿਚੋਂ ਸੈਂਕੜੇ ਔਰਤਾਂ ਨੂੰ ਬੰਦੀ ਬਣਾ ਕੇ ਕਾਬਲ ਪਰਤ ਰਿਹਾ ਸੀ ਤਾਂ ਸਰਦਾਰ ਬਘੇਲ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆਂ ਉਸ ਦੀਆਂ ਫ਼ੌਜਾਂ ’ਤੇ ਜਾ ਪਏ ਤੇ ਉਨ੍ਹਾਂ ਸਾਰੀਆਂ ਔਰਤਾਂ ਨੂੰ ਛੁਡਵਾ ਲਿਆ, ਅਤੇ ਉਸ ਦਾ ਲੁਟਿਆ ਹੋਇਆ ਖਜਾਨਾ ਵੀ ਲੁੱਟ ਲਿਆ। ਸਿੱਖਾਂ ਨਾਲ ਹੋਈ ਇਸ ਲੜਾਈ ਵਿਚ ਅਹਿਮਦਸ਼ਾਹ ਅਬਦਾਲੀ ਨੂੰ ਬੜਾ ਭਾਰੀ ਨੁਕਸਾਨ ਹੋਇਆ। ਉਹ ਵੀ ਹੈਰਾਨ ਸੀ ਕਿ ਜਿਸ ਦੀ ਤਾਕਤ ਅੱਗੇ ਮੁਗ਼ਲ ਅਤੇ ਮਰਾਠਾ ਸਰਦਾਰ ਗੋਡੇ ਟੇਕ ਚੁੱਕੇ ਸਨ ਉਸ ਨੂੰ ਇਨ੍ਹਾਂ ਮੁੱਠੀ ਭਰ ਸਿੱਖ ਸਰਦਾਰਾਂ ਨੇ ਪਰੇਸ਼ਾਨ ਕਰ ਦਿੱਤਾ ਸੀ। ਸਿੱਖ ਉਸ ਦੇ ਹਿੰਦੁਸਤਾਨ ਉੱਤੇ ਰਾਜ ਸਥਾਪਤ ਕਰਨ ਦੇ ਮਨਸੂਬਿਆਂ ਵਿੱਚ ਦੀਵਾਰ ਬਣ ਕੇ ਖਲੋ ਗਏ ਸਨ।

## ਪਟਿਆਲੇ ਦਾ ਰਾਜਾ ਤੇ ਅਬਦਾਲੀ

ਅਬਦਾਲੀ ਦੇ ਅਠਵੇਂ ਹਮਲੇ ਦੌਰਾਨ ਪਟਿਆਲੇ ਦਾ ਰਾਜਾ ਅਮਰ ਸਿੰਘ ਉਸ ਨੂੰ ਸਰਹਿੰਦ ਵਿਖੇ ਮਿਲਿਆ ਤੇ ਉਸ ਦੀਆਂ ਸ਼ਰਤਾਂ ਮੰਨ ਕੇ ਉਸ ਕੋਲੋਂ ਮਹਾਂਰਾਜਗੀ ਦਾ ਖਿਤਾਬ ਹਾਸਲ ਕੀਤਾ। ਇਹ ਗੱਲ ਮਿਸਲਾਂ ਦੇ ਸਿੱਖ ਸਰਦਾਰਾਂ ਨੂੰ ਚੰਗੀ ਨਾ ਲੱਗੀ। ਸੰਨ 1767 ਈ: ਦੀਆਂ ਗਰਮੀਆਂ ਵਿੱਚ ਜਦੋਂ ਸਰਦਾਰ ਬਘੇਲ ਸਿੰਘ, ਸਰਦਾਰ ਜੱਸਾ ਸਿੰਘਆਹਲੂਵਾਲੀਆ ਅਤੇ ਕੁਝ ਹੋਰ ਸਿੱਖ ਸਰਦਾਰ ਮਾਲਵੇ ਵਿੱਚ ਵਿਚਰਦੇ ਪਟਿਆਲੇ ਪਹੁੰਚੇ ਤਾਂ ਮਹਾਰਾਜਾ ਅਮਰ ਸਿੰਘ ਆਪਣੀ ਰਾਜਧਾਨੀ ਵਿੱਚ ਨਹੀਂ ਸੀ। ਸਰਦਾਰ ਬਘੇਲ ਸਿੰਘ ਚਾਹੁੰਦਾ ਸੀ ਕਿ ਅਮਰ ਸਿੰਘ ਨੂੰ ਬਰਤਰਫ਼ ਕਰਕੇ ਪਟਿਆਲੇ ’ਤੇ ਕਬਜ਼ਾ ਕਰ ਲਿਆ ਜਾਵੇ। ਪਰ ਸਰਦਾਰ ਜੱਸਾ ਸਿੰਘ ਨੇ ਕਿਹਾ ਕਿ ਸਾਨੂੰ ਆਪਣੀ ਤਾਕਤ ਆਪਣੇ ਭਰਾਵਾਂ ਵਿਰੁੱਧ ਨਹੀਂ ਵਰਤਣੀ ਚਾਹੀਦੀ।

ਅਹਿਮਦਸ਼ਾਹ ਅਬਦਾਲੀ ਨੇ ਹਿੰਦੁਸਤਾਨ ’ਤੇ ਆਖਰੀ ਹਮਲਾ 1769 ਈ: ਵਿੱਚ ਕੀਤਾ। ਉਹ ਦਰਿਆ ਚਨਾਬ ਤੱਕ ਹੀ ਪਹੁੰਚਿਆ ਸੀ ਕਿ ਉਸ ਨੂੰ ਵਾਪਸ ਜਾਣਾ ਪੈ ਗਿਆ। ਮਿਸਲਾਂ ਦੇ ਸਰਦਾਰ ਆਪੋ-ਆਪਣੇ ਇਲਾਕੇ ਵਧਾਉਣ ਦੀ ਹੋੜ ਵਿੱਚ ਲੱਗ ਗਏ। ਬਹੁਤੀ ਦੌਲਤ ਅਤੇ ਜ਼ਮੀਨ ਹਾਸਲ ਕਰਨ ਦੀ ਦੋੜ ਵਿੱਚ ਉਨ੍ਹਾਂ ਨੇ ਇਕ-ਦੂਜੇ

ਦੇ ਇਲਾਕਿਆ ’ਤੇ ਕਬਜੇ ਕਰਨੇ ਸ਼ੁਰੂ ਕਰ ਦਿੱਤੇ। ਪਟਿਆਲੇ ਦੇ ਮਹਾਰਾਜੇ ਨੇ ਕਰੋੜਸਿੰਘੀਆ ਮਿਸਲ ਦੇ ਕੁਝ ਪਿੰਡਾਂ, ਜਿਨ੍ਹਾਂ ਵਿੱਚ ਲਾਲੜੂ, ਭੂਨੀ ਅਤੇ ਮੁੱਲਾਂਪੁਰ ਤੇ ਕਬਜ਼ਾ ਕਰ ਲਿਆ। ਸਰਦਾਰ ਬਘੇਲ ਸਿੰਘ ਨੇ ਸਰਦਾਰ ਦੁਲਚਾ ਸਿੰਘ, ਸਰਦਾਰ ਸੁਖੂ ਸਿੰਘ, ਸਰਦਾਰ ਭਾਗ ਸਿੰਘ ਅਤੇ ਸਰਦਾਰ ਭੰਗਾ ਸਿੰਘ ਦੀ ਸਹਾਇਤਾ ਨਾਲ ਪਟਿਆਲੇ ’ਤੇ ਹਮਲਾ ਬੋਲ ਦਿੱਤਾ। ਦੋਹਾਂ ਦਲਾਂ ਦੀ ਪਿੰਡ ਘੁੜਾਮ ਦੇ ਨੇੜੇ ਮੁਠ ਭੇੜ ਹੋਈ ਪਰ ਸਰਦਾਰ ਚੈਨ ਸਿੰਘ ਦੇ ਵਿੱਚ ਪੈ ਜਾਣ ਕਾਰਨ ਦੋਹਾਂ ਧਿਰਾਂ ਵਿੱਚ ਅਮਨ ਅਮਾਨ ਹੋ ਗਿਆ।

## ਬ੍ਰਾਹਮਣ ਦੀ ਬੇਟੀ ਛੁਡਵਾਈ:

ਜਮਨਾ ਪਾਰ ਦੇ ਇਲਾਕੇ ਜਲਾਲਾਬਾਦ ਲੋਹਾਰੀ ਦੇ ਹਾਕਮ, ਮੀਰ ਹਸਨ ਖਾਂ ਉਸ ਨੇ ਆਪਣੇ ਘਰ ਵਿੱਚ ਇਕ ਬ੍ਰਾਹਮਣ ਕੁੜੀ ਨੂੰ ਜ਼ਬਰਦਸਤੀ ਰੱਖਿਆ ਹੋਇਆਂ ਸੀ। 11 ਦਸੰਬਰ, 1773 ਈ: ਨੂੰ ਹੋਈ ਲੜਾਈ ਵਿੱਚ ਮੀਰ ਹਸਨ ਮਾਰਿਆ ਗਿਆ ਅਤੇ ਸਰਦਾਰ ਬਘੇਲ ਸਿੰਘ ਨੇ ਉਸ ਕੁੜੀ ਨੂੰ ਛੁਡਵਾ ਕੇ **‘ਖ਼ਾਲਸੇ ਦੀ ਪੁੱਤਰੀ’** ਦਾ ਮਾਣ ਦੇ ਕੇ ਉਸ ਦੇ ਮਾਪਿਆਂ ਦੇ ਘਰ ਭੇਜ ਦਿੱਤਾ। **‘ਪ੍ਰਾਚੀਨ ਪੰਥ ਪ੍ਰਕਾਸ਼’** ਦਾ ਕਰਤਾ ਭਾਈ ਰਤਨ ਸਿੰਘ (ਭੰਗੂ) ਇਸ ਸੰਬੰਧ ਵਿੱਚ ਲਿਖਦਾ ਹੈ:

**“ਸੁਨੋ ਸਾਖੀ ਔਰ ਸਿੰਘਨ ਕੀ, ਜਿਨ ਕੀਨੋ ਬਿਪ ਉਪਕਾਰ।**
**ਦਿੱਲੀ ਢਿਗ ਜ਼ੁਲਮੀ ਹੁਤੀ, ਜਾਇ ਸੱਯਦ ਦੀਨੋ ਮਾਰ।”**

............................

**ਮਾਰਯੋ ਸੱਯਦ ਜਬ ਖ਼ਾਲਸੇ, ਤੌ ਭਇਓ ਤੁਕਰਨ ਤਰਥੱਲ।**
**ਪੂਰਬ ਦੱਖਨ ਲੜ ਮਰੇ, ਗਈ ਗੱਲ ਯਹ ਚੱਲ।।**

ਸੱਯਦ ਨੂੰ ਪਾਰ ਬੁਲਾ ਦੇਣ ਮਗਰੋਂ ਸਿੰਘਾਂ ਨੇ ਉਸ ਦਲਾਲ ਨੂੰ ਵੀ ਫਾਹੇ ਲਗਾਇਆ ਜੋ ਪੈਸੇ ਦੇ ਲਾਲਚ ਵਿੱਚ ਪਰਾਈਆਂ ਧੀਆਂ ਦਾ ਥਹੁ-ਪੱਤਾ ਅਧਿਕਾਰੀਆਂ ਨੂੰ ਦਿੰਦਾ ਸੀ-

**ਸੋ ਭੀ ਸਿੰਘਨ ਫੜ ਤੁਰਤ ਮੰਗਾਯਾ, ਪਾਇ ਰੱਸਾ ਉਸ ਫਾਹੇ ਟੰਗਾਯਾ।**
**ਜੈ ਜੈ ਕਾਰ ਤਹਿ ਪੰਥੇ ਭਏ, ਬਹੁ ਤੁਕਰਨ ਘਰ ਸਯਾਪੇ ਪਏ।।**

ਇਸ ਮਗਰੋਂ ਸਰਦਾਰ ਬਘੇਲ ਸਿੰਘ ਦੀ ਕਮਾਨ ਥੱਲੇ ਖ਼ਾਲਸਾ ਫ਼ੌਜਾਂ ਅਲੀਗੜ੍ਹ, ਖੁਰਜਾ, ਚੰਦੌਸੀ, ਹਾਥਰਸ ਅਤੇ ਇਟਾਵਾ ਨੂੰ ਲਤਾੜਦੀਆਂ ਹੋਈਆਂ ਫ਼ਰੁਖਾਬਾਦ ਪਹੁੰਚੀਆਂ। ਇੱਥੋਂ ਦੇ ਨਵਾਬ ਈਸਾ ਖਾਂ ਨਾਲ ਤਿੰਨ ਦਿਨ ਤੱਕ ਜੰਮ ਕੇ ਲੜਾਈ ਹੋਈ, ਉਹ ਮੈਦਾਨ ਛੱਡ ਕੇ ਭੱਜ ਗਿਆ। ਫ਼ਰੁਖਾਬਾਦ 'ਤੇ ਕਬਜ਼ਾ ਹੋ ਜਾਣ ਮਗਰੋਂ ਖ਼ਾਲਸਾ ਫ਼ੌਜਾਂ ਮੁਰਾਦਾਬਾਦ, ਅਨੂਪ ਸ਼ਹਿਰ, ਬੁਲੰਦ ਸ਼ਹਿਰ, ਬਿਜਨੌਰ ਆਦਿ ਸਥਾਨਾਂ ਦੇ ਹਾਕਮਾਂ ਨੂੰ ਸੋਧਿਆ ਤੇ ਉਨ੍ਹਾਂ ਕੋਲੋਂ ਨਜ਼ਰਾਨਾ ਵਸੂਲ ਕਰਦਿਆਂ ਪੰਜਾਬ ਪਰਤ ਆਈਆਂ।

ਗੰਗਾ-ਜਮਨਾ ਦੁਆਬ ਤੋਂ ਵਾਪਸ ਮੁੜ ਕੇ ਸਰਦਾਰ ਬਘੇਲ ਸਿੰਘ ਨੇ ਦੁਆਬਾ ਬਿਸਤ ਜਲੰਧਰ ਦੇ ਪਿੰਡ ਬਲਬਨ ਦੇ ਰਈਸ ਮੁਹੰਮਦ ਖਾਂ ਨੂੰ, ਜੋ ਸਰਦਾਰ ਕਰੋੜਾ ਸਿੰਘ ਦੇ ਸਮੇਂ ਤੋਂ ਹੀ ਇਸ ਮਿਸਲ ਦੇ ਮਾਤਹਿਤ ਸੀ ਅਤੇ ਜਿਸ ਨੇ ਕੁਝ ਸਮੇਂ ਤੋਂ ਖਰਾਜ ਦੇਣਾ ਬੰਦ ਕਰ ਦਿੱਤਾ ਸੀ, ਜਾ ਘੇਰਿਆ। ਉਸਦਾ ਇਲਾਕਾ ਲੈ ਲਿਆ। ਬਲਬਨ ਵਿਖੇ ਇੱਕ ਕਿਲ੍ਹਾ ਉਸਾਰਿਆ ਗਿਆ ਜਿੱਥੇ ਸਿੱਖ ਸੈਨਿਕਾਂ ਨੂੰ ਤੈਨਾਤ ਕੀਤਾ ਗਿਆ।

## ਗੰਗਾ-ਜਮਨਾ ਦੇ ਰੁਹੇਲਿਆਂ ਨੂੰ ਸੋਧਨਾ

ਨਜੀਬ -ਉ-ਦੌਲਾ ਦੀ ਮੌਤ ਉਪ੍ਰੰਤ ਉਸ ਦਾ ਪੁੱਤਰ ਜ਼ਾਬਤਾ ਖਾਂ ਗੰਗਾ-ਜਮਨਾ ਦੁਆਬ ਦੇ ਇਲਾਕੇ ਦਾ ਹਾਕਮ ਬਣ ਗਿਆ। ਸਿੱਖਾਂ ਪ੍ਰਤੀ ਉਸ ਦੇ ਬਦਲਦੇ ਤੇਵਰ ਨੂੰ ਦੇਖ ਕੇ ਸਰਦਾਰ ਬਘੇਲ ਸਿੰਘ ਨੇ ਅਪ੍ਰੈਲ 1775 ਈ: ਵਿੱਚ ਆਪਣੇ ਸਾਥੀਆਂ ਸਰਦਾਰ ਰਾਇ ਸਿੰਘ ਭੰਗੀ ਅਤੇ ਸਰਦਾਰ ਤਾਰਾ ਸਿੰਘ ਗੈਬਾ ਨਾਲ ਉਸ ਦੇ ਇਲਾਕੇ 'ਤੇ ਹਮਲਾ ਬੋਲ ਦਿੱਤਾ। ਉਨ੍ਹਾਂ ਪਿੰਡ ਗੰਗੋ, ਨਨੂਤਾਹ ਅਤੇ ਦਿਉਬੰਦ ਤੋਂ ਬਾਅਦ ਗੌਸਗੜ੍ਹ ਨੂੰ ਜਾ ਘੇਰਿਆ ਜਿੱਥੇ ਜ਼ਾਬਤਾ ਖਾਂ ਛਿਪਿਆ ਬੈਠਾ ਸੀ। ਐਨ.ਕੇ.ਸਿਨ੍ਹਾ ਲਿਖਦਾ ਹੈ ਕਿ ਉਸ ਨੇ 50,000 ਦਾ ਨਜ਼ਰਾਨਾ ਭੇਟ ਕਰਕੇ ਸਿੱਖਾਂ ਦੀ ਈਨ ਮੰਨ ਲਈ। ਜ਼ਾਬਤਾ ਖਾਂ ਨਾਲ ਹੋਏ ਇਸ ਸਮਝੌਤੇ ਮਗਰੋਂ ਸਿੱਖਾਂ ਅਤੇ ਰੁਹੇਲਿਆਂ ਦੀ ਫ਼ੌਜ ਦਿੱਲੀ ਵੱਲ ਚੱਲ ਪਈ। 1776 ਈ: ਵਿੱਚ ਮੁਜ਼ੱਫਰ ਨਗਰ ਦੇ ਸਥਾਨ 'ਤੇ ਉਨ੍ਹਾਂ ਦਾ ਮੁਕਾਬਲਾ ਸ਼ਾਹੀ ਫ਼ੌਜਾਂ ਨਾਲ ਹੋਇਆ ਜਿਸ ਵਿੱਚ ਸ਼ਾਹੀ ਸੈਨਾ ਬੁਰੀ ਤਰ੍ਹਾਂ ਹਾਰ ਕੇ ਦਿੱਲੀ ਵਿੱਚ ਜਾ ਵੜੀ।

## ਸ਼ਾਹੀ ਫ਼ੌਜਾਂ ਦਾ ਪਟਿਆਲੇ 'ਤੇ ਹਮਲਾ :

1779 ਈ: ਦੀ ਪਤਝੜ ਵਿੱਚ ਸ਼ਹਿਜ਼ਾਦਾ ਫਰਖੰਦਾ ਬਖ਼ਤ ਅਤੇ ਵਜ਼ੀਰ ਅਬਦੁਲ ਅਹਦ ਪਟਿਆਲੇ 'ਤੇ ਹਮਲਾ ਕਰਨ ਹੀ ਵਾਲਾ ਸੀ ਤਾਂ ਸਰਦਾਰ ਬਘੇਲ ਸਿੰਘ ਆਪਣੇ ਸਾਥੀਆਂ, ਸਰਦਾਰ ਰਾਇ ਸਿੰਘ ਬੂਰੀਆ, ਸਰਦਾਰ ਭੰਗ ਸਿੰਘ ਥਾਨੇਦਾਰ ਅਤੇ ਸਰਦਾਰ ਭਾਗ ਸਿੰਘ ਜੀਂਦ ਨਾਲ ਉਨ੍ਹਾਂ ਨੂੰ ਕਰਨਾਲ ਦੇ ਸਥਾਨ 'ਤੇ ਮਿਲਿਆ ਅਤੇ ਪਟਿਆਲੇ ਵਿਰੁੱਧ ਉਨ੍ਹਾਂ ਦੀ ਮਦਦ ਲਈ ਰਾਜ਼ੀ ਹੋ ਗਿਆ। ਉਸ ਦੇ ਮਨ ਵਿੱਚ ਸਰਦਾਰ ਅਮਰ ਸਿੰਘ ਪ੍ਰਤੀ ਰੋਸ ਸੀ ਕਿ ਉਸ ਨੇ ਵਿਦੇਸ਼ੀ ਹਮਲਾਵਰ ਦੀਆਂ ਸ਼ਰਤਾਂ ਮੰਨ ਕੇ ਉਸ ਕੋਲੋਂ ਮਹਾਰਾਜਗੀ ਦਾ ਖ਼ਿਤਾਬ ਕਿਉਂ ਲਿਆ ਸੀ ਅਤੇ ਦੂਸਰੇ ਇਹ ਕਿ 1769 ਈ: ਵਿੱਚ ਉਸਨੇ ਕਰੋੜਸਿੰਘੀਆ ਮਿਸਲ ਦੇ ਕਈ ਪਿੰਡਾਂ 'ਤੇ ਅਕਾਰਨ ਹਮਲਾ ਬੋਲ ਦਿੱਤਾ ਸੀ। ਮੁਗ਼ਲਾਂ ਅਤੇ ਸਿੱਖ ਸਰਦਾਰਾਂ ਦੀਆਂ ਫ਼ੌਜਾਂ ਨੇ ਅੱਗੇ ਵਧ ਕੇ ਪਟਿਆਲੇ ਨੂੰ ਚੌਹਾਂ ਪਾਸਿਆਂ ਤੋਂ ਘੇਰ ਲਿਆ। ਪਟਿਆਲੇ 'ਤੇ ਜ਼ਬਰਦਸਤ ਹਮਲਾ ਹੋਇਆ ਵੇਖ ਕੇ ਅਮਰ ਸਿੰਘ ਕਿਸੇ ਤਰ੍ਹਾਂ ਪਿੰਡ ਲਾਹਲ ਦੇ ਸਥਾਨ 'ਤੇ ਸਰਦਾਰ ਬਘੇਲ ਸਿੰਘ ਨੂੰ ਮਿਲਿਆ। ਨਾ ਸਿਰਫ ਉਸਨੇ ਆਪਣੇ ਕੀਤੇ 'ਤੇ ਅਫਸੋਸ ਹੀ ਪ੍ਰਗਟ ਕੀਤਾ ਸਗੋਂ ਆਪਣੇ ਪੁੱਤਰ ਸਾਹਿਬ ਸਿੰਘ ਨੂੰ ਉਨ੍ਹਾਂ ਹੱਥੋਂ ਅੰਮ੍ਰਿਤ ਛਕਵਾ ਕੇ ਖ਼ਾਲਸੇ ਪ੍ਰਤੀ ਵਫਾਦਾਰ ਰਹਿਣ ਦਾ ਬਚਨ ਵੀ ਦਿੱਤਾ। ਜਦੋਂ ਇਸ ਨਵੀਂ ਸਥਿਤੀ ਦਾ ਮੁਗ਼ਲ ਜਰਨੈਲ ਅਬਦੁਲ ਅਹਦ ਖਾਂ ਨੂੰ ਪਤਾ ਚੱਲਿਆ ਤਾਂ ਉਹ ਡਰ ਗਿਆ । ਉਸ ਨੂੰ ਇਹ ਵੀ ਪਤਾ ਲੱਗਾ ਕਿ ਮਾਝੇ ਦੇ ਇਲਾਕੇ ਵਿਚੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਇੱਕ ਤਕੜੀ ਫ਼ੌਜ ਉਨ੍ਹਾਂ ਵਿਰੁੱਧ ਲੜਨ ਲਈ ਆ ਰਿਹਾ ਹੈ। ਉਹ ਦਿੱਲੀ ਵੱਲ ਭੱਜ ਗਿਆ। ਅਬਦੁਲ ਅਹਿਦ ਖਾਂ ਨੂੰ 7 ਲੱਖ ਰੁਪਿਆ ਆਪਣੀ ਸਲਾਮਤੀ ਲਈ ਦੇਣਾ ਪਿਆ।

ਡਾ: ਗੰਡਾ ਸਿੰਘ ਅਨੁਸਾਰ ਇਹ ਤਾਂ ਸ਼ਤਰੰਜ ਦੀ ਖੇਡ ਸੀ ਜਿਸ ਵਿੱਚ ਇਕ ਪਾਸੇ ਮੈਦਾਨੇ-ਜੰਗ ਦਾ ਇਕ ਉੱਘਾ ਸੂਰਮਾ-ਝਬਾਲੀਆ ਸਰਦਾਰ ਬਘੇਲ ਸਿੰਘ ਸੀ ਅਤੇ ਦੂਸਰੇ ਪਾਸੇ ਪਰਲੇ ਦਰਜੇ ਦਾ ਕਾਇਰ ਅਤੇ ਸਵਾਰਥੀ ਅਬਦੁਲ ਅਹਿਦ ਖਾਂ ਸੀ ਜੋ ਸਿੱਖਾਂ ਵਿੱਚ ਪਾੜ ਪਾ ਕੇ ਸਤਲੁਜੋਂ ਉਰਾਰ ਤੱਕ ਸ਼ਾਹ ਆਲਮ ਦੇ ਰਾਜ ਨੂੰ ਮੁੜ ਕਾਇਮ ਕਰ ਦੇਣ ਦੇ ਸੁਪਨੇ ਲੈ ਰਿਹਾ ਸੀ। ਸਰ ਜਾਦੂ ਨਾਥ ਸਰਕਾਰ ਵੀ ਇਸ ਗੱਲ ਨੂੰ ਮੰਨਦਾ ਹੈ ਕਿ 'ਮੂਰਖ ਅਬਦੁਲ ਅਹਿਦ ਖਾਂ, (ਸਰਦਾਰ) ਬਘੇਲ ਸਿੰਘ ਦੇ ਜਾਲ ਵਿੱਚ

ਫਸ ਗਿਆ। and the old fool swallowed the bait. ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ 'ਇਸੇ ਤਰ੍ਹਾਂ ਜਦ ਕਦੀ ਵੀ ਦਿੱਲੀ ਵਲੋਂ ਕੋਈ ਹਮਲਾ ਹੋਣ ਲਗਦਾ ਤਾਂ ਸਰਦਾਰ ਬਘੇਲ ਸਿੰਘ ਉਨ੍ਹਾਂ ਨਾਲ ਮਿਲ ਜਾਂਦਾ ਰਿਹਾ, ਕਿੰਤੂ ਜਿਉਂ ਹੀ (ਉਨ੍ਹਾਂ ਦੀ) ਸੈਨਾ ਪੰਜਾਬ ਪੁੱਜਦੀ ਤੇ ਚਾਰੇ ਪਾਸਿਓਂ ਤੋਂ ਸਿੱਖਾਂ ਵਿੱਚ ਘਿਰ ਜਾਂਦੀ, ਤਦੋਂ ਹੀ ਸਰਦਾਰ ਬਘੇਲ ਸਿੰਘ ਖ਼ਾਲਸੇ ਨੂੰ ਹਰਜਾਨੇ ਦੁਆ ਕੇ ਹਮਲਵਰਾਂ ਨੂੰ ਵਾਪਸ ਜਾਣ ਲਈ ਮਜਬੂਰ ਕਰ ਦੇਂਦਾ।' ਮਿਲੇ ਪੈਸੇ ਨੂੰ ਸਰਦਾਰਾਂ ਵਿੱਚ ਵੰਡ ਦਿੰਦਾ।

ਜਦੋਂ ਅਪ੍ਰੈਲ 1781 ਈ: ਵਿਚ ਮੁਗ਼ਲ ਬਾਦਸ਼ਾਹ ਦੇ ਮਿਰਜ਼ਾ ਸ਼ਾਫੀ ਨੇ ਲਾਡਵਾ ਇੰਦਰੀ ਦੀ ਸਿੱਖ ਫ਼ੌਜੀ ਚੌਕੀ 'ਤੇ ਕਬਜ਼ਾ ਕਰ ਲਿਆ ਤਾਂ ਸਰਦਾਰ ਬਘੇਲ ਸਿੰਘ ਨੇ ਕਾਰਵਾਈ ਕਰ ਕੇ ਸ਼ਾਹਬਾਦ ਦੇ ਖਲੀਲ ਬੇਗ ਖ਼ਾਂ ਨੂੰ ਹਥਿਆਰ ਸੁੱਟਣ 'ਤੇ ਮਜਬੂਰ ਕਰ ਦਿੱਤਾ ਪੂਰਬੀ ਪੰਜਾਬ ਅਤੇ ਗੰਗਾ-ਜਮਨਾ ਦੁਆਬ ਉੱਪਰ ਆਪਣੀ ਪ੍ਰਭੁਤਾ ਸਥਾਪਤ ਕਰ ਲੈਣ ਮਗਰੋਂ ਹੁਣ ਸਰਦਾਰ ਬਘੇਲ ਸਿੰਘ ਦੀ ਨਜ਼ਰ ਦਿੱਲੀ ਵੱਲ ਸੀ।

1765 ਈ: ਤੋਂ ਲੈ ਕੇ 1787 ਈ: ਵਿਚਕਾਰ ਸਿੱਖਾਂ ਨੇ ਦਿੱਲੀ ਦੇ ਇਲਾਕਿਆਂ 'ਤੇ 15 ਹਮਲੇ ਕੀਤੇ। ਇਨ੍ਹਾਂ ਵਿਚੋਂ ਬਹੁਤੇ ਹਮਲੇ ਸਰਦਾਰ ਬਘੇਲ ਸਿੰਘ ਨੇ ਕੀਤੇ ਸਨ। ਦਿੱਲੀ 'ਤੇ ਪਹਿਲਾ ਹਮਲਾ 18 ਜਨਵਰੀ 1774 ਈ: ਵਿੱਚ ਕੀਤਾ। ਉਸ ਦੀਆਂ ਫ਼ੌਜਾਂ ਸ਼ਾਹਦਰਾ ਤੱਕ ਪਹੁੰਚ ਗਈਆਂ ਸਨ ਪਰ ਉਹ ਦਿੱਲੀ ਸ਼ਹਿਰ ਵਿੱਚ ਦਾਖਲ ਨਾ ਹੋਇਆ। ਮਾਇਕ ਲੋੜਾਂ ਪੂਰਿਆਂ ਕਰਨ ਲਈ ਉਨ੍ਹਾਂ ਨੇ ਸ਼ਾਹਦਰਾ ਨੂੰ ਲੁੱਟਿਆ ਅਤੇ ਅਮੀਰ ਵਿਉਪਾਰੀਆਂ ਕੋਲੋਂ ਨਜ਼ਰਾਨੇ ਲੈ ਕੇ ਵਾਪਸ ਪੰਜਾਬ ਪਰਤ ਗਏ। ਵਾਪਸੀ ਵਿੱਚ ਉਨ੍ਹਾਂ ਨੇ ਦਿਉਬੰਦ 'ਤੇ ਹਮਲਾ ਕੀਤਾ ਅਤੇ ਫਿਰ ਗੌਸਗੜ੍ਹ ਦੇ ਨਵਾਬ ਕੋਲੋਂ 50,000 ਰੁਪੈ ਸਾਲਾਨਾ ਵਸੂਲ ਕੀਤੇ।

ਸਰਦਾਰ ਬਘੇਲ ਸਿੰਘ ਨੇ ਦਿੱਲੀ ਉੱਪਰ ਦੂਸਰਾ ਹੱਲਾ 15 ਜੁਲਾਈ 1775 ਈ: ਨੂੰ ਕੀਤਾ । ਇਸ ਵਾਰ ਸਰਦਾਰ ਬਘੇਲ ਸਿੰਘ ਨਾਲ ਸਰਦਾਰ ਤਾਰਾ ਸਿੰਘ ਗੈਬਾ ਅਤੇ ਸਰਦਾਰ ਰਾਇ ਸਿੰਘ ਭੰਗੀ ਵੀ ਸਨ। ਇਸ ਵਾਰ ਉਨ੍ਹਾਂ ਦੀਆਂ ਫ਼ੌਜਾਂ ਅਤੇ ਸ਼ਹਿਰ ਦੀ ਘਣੀ ਆਬਾਦੀ ਵਾਲੇ ਇਲਾਕੇ ਪਹਾੜ ਗੰਜ ਅਤੇ ਜੈ ਸਿੰਘ ਪੁਰਾ (ਮੌਜੂਦਾ ਬੰਗਲਾ ਸਾਹਿਬ ਵਾਲੀ ਥਾਂ) ਤੱਕ ਪਹੁੰਚ ਗਈਆਂ। ਇੱਥੇ ਖ਼ਾਲਸਾ ਫ਼ੌਜਾਂ ਦੀ ਮੁਗ਼ਲ ਸੈਨਾ ਨਾਲ ਇਕ ਝੜਪ ਹੋਈ ਜਿਸ ਵਿਚ ਸ਼ਾਹੀ ਟੁਕੜੀ ਹਾਰ ਖਾ ਕੇ ਲਾਲ ਕਿਲ੍ਹੇ ਵਿੱਚ ਜਾ

ਵੜੀ ਗਈ। ਦੋਹਾਂ ਪਾਸਿਆਂ ਤੋਂ ਕੁਝ ਦਿਨ ਦਿੱਲੀ ਰੁਕ ਕੇ ਉਹ 25 ਜੁਲਾਈ 1775 ਈ: ਨੂੰ ਵਾਪਸ ਪੰਜਾਬ ਪਰਤ ਆਏ।

ਦਿੱਲੀ ਦੇ ਵਜ਼ੀਰ ਅਬਦੁਲ ਅਹਦ ਖਾਂ ਨੇ ਆਪਣੇ ਭਰਾ ਅਬਦੁਲ ਕਾਸਿਮ ਨੂੰ ਸਹਾਰਨਪੁਰ ਦਾ ਫ਼ੌਜਦਾਰ ਨਿਯੁਕਤ ਕਰ ਦਿੱਤਾ। ਸਰਦਾਰ ਬਘੇਲ ਸਿੰਘ, ਕੈਥਲ ਦੇ ਸਰਦਾਰ ਦੇਸੂ ਸਿੰਘ, ਸਰਦਾਰ ਰਾਇ ਸਿੰਘ, ਸਰਦਾਰ ਦੁਲਚਾ ਸਿੰਘ, ਸਰਦਾਰ ਦੀਵਾਨ ਸਿੰਘ ਅਤੇ ਕੁਝ ਹੋਰ ਸਿੱਖ ਸਰਦਾਰਾਂ ਨੂੰ ਨਾਲ ਲੈ ਕੇ ਜ਼ਾਬਤਾ ਖਾਂ ਦੀ ਮਦਦ ਲਈ ਪਹੁੰਚ ਗਿਆ। 11 ਅਪ੍ਰੈਲ 1776 ਈ: ਨੂੰ ਅਮੀਰ ਨਗਰ ਦੇ ਸਥਾਨ 'ਤੇ ਦੋਹਾਂ ਧਿਰਾਂ ਵਿੱਚ ਫ਼ੈਸਲਾਕੁੰਨ ਲੜਾਈ ਹੋਈ ਜਿਸ ਵਿੱਚ ਅਬਦੁਲ ਕਾਸਿਮ ਖਾਂ ਮਾਰਿਆ ਗਿਆ ਅਤੇ ਸ਼ਾਹੀ ਸੈਨਾ ਮੈਦਾਨ ਛੱਡ ਕੇ ਦਿੱਲੀ ਵੱਲ ਭੱਜ ਗਈ। ਇਸਦੇ ਮਗਰੋਂ ਸਰਦਾਰ ਬਘੇਲ ਸਿੰਘ ਨੇ ਅਲੀਗੜ੍ਹ ਅਤੇ ਕਾਸਗੰਜ 'ਤੇ ਹਮਲਾ ਕਰਕੇ ਉਥੋਂ ਦੇ ਮੁਗ਼ਲ ਅਧਿਕਾਰੀਆਂ ਕੋਲੋਂ ਭਾਰੀ ਰਕਮ ਵਸੂਲ ਕੀਤੀ। ਗੰਗ ਦੁਆਬ ਇਲਾਕੇ ਵਿੱਚ ਕੁਝ ਮਹੀਨੇ ਵਿਚਰਨ ਮਗਰੋਂ ਉਹ ਜੂਨ 1776 ਈ: ਵਿੱਚ ਪੰਜਾਬ ਵਾਪਸ ਪਰਤ ਗਿਆ।

## ਸ਼ਾਹ ਆਲਮ ਨਾਲ ਸੰਧੀ :

12 ਅਪ੍ਰੈਲ 1781 ਈ: ਵਿੱਚ ਸਰਦਾਰ ਬਘੇਲ ਸਿੰਘ ਨੇ ਦਿੱਲੀ ਤੋਂ 32 ਕਿਲੋਮੀਟਰ ਦੂਰ ਉੱਤਰ ਵੱਲ ਬਾਘਪਤ 'ਤੇ ਹਮਲਾ ਬੋਲਿਆ। ਉੱਥੋਂ ਉਹ ਬਿਨਾਂ ਰੋਕ-ਟੋਕ ਦੇ ਸ਼ਾਹਦਰਾ ਅਤੇ ਪੜਪੜ ਗੰਜ ਤੱਕ ਪਹੁੰਚ ਗਏ। ਮੁਗ਼ਲ ਬਾਦਸ਼ਾਹ ਸ਼ਾਹ ਆਲਮ ਨੇ ਸਿੱਖਾਂ ਵਲੋਂ ਦਿੱਲੀ ਦੇ ਇਰਦ-ਗਿਰਦ ਲਗਾਤਾਰ ਹੁੰਦੇ ਇਨ੍ਹਾਂ ਹਮਲਿਆਂ ਤੋਂ ਡਰ ਕੇ ਸਿੱਖਾਂ ਨਾਲ ਇਕ ਸੰਧੀ ਕਰ ਲਈ ਜਿਸ ਅਨੁਸਾਰ ਗੰਗਾ-ਜਮਨਾ ਦੇ ਵਿਚਕਾਰਲੇ ਇਲਾਕਿਆਂ 'ਤੇ ਉਨ੍ਹਾਂ ਦੇ ਅਧਿਕਾਰ ਨੂੰ ਮੰਨ ਲਿਆ ਗਿਆ। ਇਸ ਸੰਧੀ ਦੀ ਦੂਸਰੀ ਸ਼ਰਤ ਮੁਤਾਬਕ ਇਸ ਇਲਾਕੇ ਦੀ ਕੁੱਲ ਆਮਦਨੀ ਦਾ ਅਠਵਾਂ ਹਿੱਸਾ ਸਿੱਖਾਂ ਨੂੰ ਮਿਲਣਾ ਸ਼ੁਰੂ ਹੋ ਗਿਆ। ਸੰਧੀ ਦੀਆਂ ਇਹ ਸ਼ਰਤਾਂ ਇਕ ਸਾਲ ਤੋਂ ਵੱਧ ਨਾ ਚੱਲ ਸਕੀਆਂ ਤੇ ਟੁੱਟ ਗਈਆਂ।

ਉਧਰ ਅਵਧ ਦਾ ਨਵਾਬ ਅਤੇ ਅੰਗਰੇਜ਼ ਵੀ ਸਿੱਖਾਂ ਦੀ ਵਧ ਰਹੀ ਤਾਕਤ ਅਤੇ ਬਦਲ ਰਹੀ ਇਸ ਸਥਿਤੀ ਨੂੰ ਬੜੀ ਗੰਭੀਰਤਾ ਨਾਲ ਵੇਖ ਰਹੇ ਸਨ। ਅੰਗਰੇਜ਼ ਸਰਦਾਰ ਬਘੇਲ ਸਿੰਘ ਨਾਲ ਦੋਸਤੀ ਦੇ ਖਾਹਿਸ਼ਮੰਦ ਤਾਂ ਹੋ ਸਕਦੇ ਸਨ ਪਰ ਛੇੜਨ ਜੋਗੇ ਨਹੀ ਸਨ।

ਅਪ੍ਰੈਲ 1781 ਈ: ਵਿਚ ਸ਼ਾਹ ਆਲਮ ਨਾਲ ਸੰਧੀ ਦੇ ਬਾਵਜੂਦ ਵੀ ਸਿੱਖਾਂ ਨੂੰ ਆਮਦਨੀ ਦਾ ਅਠਵਾਂ ਹਿੱਸਾ ਨਹੀਂ ਸੀ ਭੇਜਿਆ। ਸਰਦਾਰ ਬਘੇਲ ਸਿੰਘ ਨੇ ਫਰਵਰੀ 1782 ਈ: ਵਿਚ ਅਲੀਗੜ੍ਹ, ਟੁੰਡਲਾ, ਹਾਥਰਸ, ਖੁਰਜਾ, ਸ਼ਿਕੋਹਾਬਾਦ ਅਤੇ ਫ਼ਰੁਖਾਬਾਦ ਆਦਿ ਨਗਰਾਂ 'ਤੇ ਹਮਲਾ ਕਰਕੇ ਇੱਥੋਂ ਤੇਤੀ ਹਜ਼ਾਰ ਰੁਪੈ ਦੀ ਇਕ ਸੋਨੇ ਦੀ ਛੜੀ ਤੇ ਬਹੁਤ ਸਾਰੀ ਦੌਲਤ ਹਾਸਲ ਕੀਤੀ। ਇਸ ਮਾਇਆ ਵਿਚੋਂ ਇਕ ਲੱਖ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਲਈ ਭੇਜ ਦਿੱਤਾ ਗਿਆ ਜਿਸਨੂੰ ਵੱਡੇ ਘੱਲੂਘਾਰੇ ਦੇ ਮੌਕੇ 'ਤੇ ਅਹਿਮਦਸ਼ਾਹ ਅਬਦਾਲੀ ਨੇ ਤੋਪਾਂ ਨਾਲ ਉਡਾ ਦਿੱਤਾ ਸੀ।

ਸਨ 1783, ਜਵਨਰੀ ਵਿੱਚ ਦਿੱਲੀ ਤੇ ਮਰਹਟਿਆਂ ਨੇ ਕਬਜਾ ਕਰ ਲਿਆ ਅਤੇ ਸ਼ਾਹਆਲਮ ਨੂੰ ਕੈਦੀ ਬਣਾ ਲਿਆ। ਤਦ 'ਲਾਰਡ ਲੇਕ' ਨੂੰ ਮਗਲਾਂ ਨੇ ਮਰਹਇਆਂ ਤੋਂ ਛੁਟਕਾਰਾ ਪਾਉਣ ਲਈ ਬੇਨਤੀ ਕੀਤੀ। ਤਦ ਲਾਰਡ ਨੇ ਕੋਇਲ ਨਾਂ ਦੀ ਥਾਂ ਤੋਂ ਅੰਗ਼ੇਜ਼ ਜਨਰਲ 'ਅਕਟਰ ਲੋਨੀ' ਨੂੰ ਮਰਹਟਿਆਂ ਤੋਂ ਦਿੱਲੀ ਖਾਲੀ ਕਰਵਾਉਂਣ ਦੇ ਲਈ ਭੇਜਿਆ। ਮਰਟੇ ਅੰਗ੍ਰੇਜ਼ੀ ਫੌਜ ਤੋਂ ਡਰਦੇ ਦਿੱਲੀ ਖਾਲੀ ਕਰ ਕੇ ਨੱਠ ਗਏ। ਇਸ ਤਰ੍ਹਾਂ ਅੰਗ੍ਰੇਜ਼ਾ ਨੇ ਦਿੱਲੀ ਤੇ ਅਪਣਾ ਪੱਕਾ ਕਬਜ਼ਾ ਕਰਣ ਦਾ ਵਿਚਾਰ ਬਣਾ ਲਿਆ। ਇਹ ਵੇਖ ਕੇ ਸ਼ਾਹ ਆਲਮ (ਦੂਜੇ) ਨੇ ਉਸੀ ਵਕਤ ਅੰਗ੍ਰੇਜ਼ ਤੋਂ ਬਚਣ ਲਈ ਸਿੱਖ ਸਰਦਾਰਾਂ ਨੂੰ ਬੁਲਾ ਭੇਜਿਆ।

ਜਦੋਂ ਸਰਦਾਰ ਬਘੇਲ ਸਿੰਘ ਨੂੰ ਇਹ ਸੱਦਾ ਪਤਰ ਮਿਲਿਆ ਤਾਂ ਉਹ ਵਿਚਾਰਣ ਲਗਿਆ ਇਹ ਸ਼ੁਭ ਸਮਾਂ ਹੈ ਦਿੱਲੀ ਤੇ ਪੱਕੇ ਤੋਰ ਤੇ ਕਬਜ਼ਾ ਕਰਣ ਦਾ । ਇਸ ਲਈ ਉਨ੍ਹਾਂ ਨੇ ਅਪਣੇ ਦੂਜੇ ਮਿਤਰ ਮਿਸਲਦਾਰਾਂ ਨੂੰ ਇਸ ਕਾਰਜ ਲਈ ਸਦ ਲਿਆ ਤਾਂਕਿ ਅੰਗ੍ਰੇਜ਼ ਨਾਲ ਨਜਿਠੀਆ ਜਾ ਸਕੇ। ਇਨ੍ਹਾਂ ਵਿੱਚ ਸਰਦਾਰ ਜੱਸਾ ਸਿੱਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਸਰਦਾਰ ਰਾਏ ਸਿੰਘ ਭੰਗੀ ਆਦਿ। ਇਹ ਸਾਰੇ ਅਪਣੀਆਂ ਫੌਜ਼ਾ ਲੇਕੇ ਦਿੱਲੀ ਸੀਮਾ ਤੇ ਇੱਕਠੇ ਹੋਏ। **ਇਸ ਥਾਂ ਨੂੰ ਅਜਕਲ ਸਿੰਘੂ ਬਾਡਰ ਆਖਿਆ ਜਾਂਦਾ ਹੈ।** ਜਿਦਾਂ ਹੀ ਸਿੱਖਾਂ ਦੀ ਫੌਜ਼ ਦੀ ਇਕਤ੍ਰਤਾ ਦੀ ਖਬਰ ਅੰਗ੍ਰੇਜ਼ ਜਰਨਲ 'ਅਕਟਰ ਲੋਨੀ' ਨੂੰ ਮਿਲੀ ਉਹ ਤੁਰੰਤ ਅਪਣੀ ਫੌਜ ਵਾਪਸ ਲੈ ਗਿਆ।

ਸਿੱਖ ਸਰਦਾਰਾਂ ਦੀਆਂ ਫੌਜਾਂ ਦੇ ਆਗਮਨ ਦੀ ਖਬਰ ਸੁਣ ਕੇ ਸ਼ਾਹਆਲਮ ਨੇ ਦਿੱਲੀ ਦੇ ਸਾਰੇ ਦਰਵਾਜੇ ਬੰਦ ਕਰ ਲਏ ਅਤੇ ਸਿੱਖ ਜੱਥੇਦਾਰ ਨੂੰ ਸੰਦੇਸ਼ ਭੇਜਿਆ ਕਿ ਹੁਣ ਤੁਸਾਂ ਦੀ ਲੋੜ ਨਹੀਂ ਰਹੀ। ਇਸ ਲਈ ਵਾਪਸ ਮੁੜ ਜਾਓ। ਇਹ ਜੁਆਬ ਮਿਲਣ ਤੇ ਮਿਸਲਾਂ ਦੇ ਜੱਥੇਦਾਰ ਨੇ ਸ਼ਾਹਆਲਮ ਤੋਂ ਦਿੱਲੀ ਆਉਣ ਦਾ ਖਰਚਾ ਮੰਗਿਆ ਪਰ ਸ਼ਾਹਆਲਮ ਨੇ ਇਹ ਮੁਆਵਜਾ ਦੇਣ ਤੋਂ ਸਾਫ਼ ਇਨਕਾਰ ਕਰ ਦਿਤਾ। ਸਾਰੇ ਮਿਸਲਦਾਰਾਂ ਨੇ ਆਪਣੀ ਹੇਠੀ ਮਹਿਸੂਸ ਕੀਤੀ। ਇਸ ਤੇ ਉਨ੍ਹਾਂ ਨੇ ਦਿੱਲੀ ਨੂੰ ਘੇਰ ਲਿਆ।

ਮੁਗ਼ਲ ਫੌਜ ਨੇ ਅਜਮੇਰੀ ਦਰਵਾਜੇ ਦੇ ਉੱਪਰ ਤੋਪਾਂ ਬੀੜ ਦਿਤੀਆਂ। ਸਾਰੇ ਸਰਦਾਰਾਂ ਅਤੇ ਜੱਥੇਦਾਰਾਂ ਨੇ ਮਿਲਕੇ ਅਪਣੀ ਅਣਖ ਅਤੇ ਗੈਰਤ ਲਈ ਅਕਾਲ ਪੁਰਖ ਦੇ ਸਨਮੁਖ ਅਰਦਾਸਾ ਸੋਧਿਆ ਅਤੇ ਗੁਰੂ ਵਾਕ ਲਿਆ। ਫਿਰ ਸਰਬ ਸਮਤੀ ਨਾਲ ਯੁੱਧ ਦਾ ਐਲਾਨ ਕਰ ਦਿਤਾ ਅਤੇ ਜੈਕਾਰੇ ਗਜਾਉਂਦੇ ਹੋਏ ਦਿੱਲੀ ਤੇ ਹਮਲਾ ਕਰ ਦਿਤਾ।

ਚਾਰੋਂ ਤਰਫ ਬਾਰੂਦ ਦਾ ਧੂਆ ਅਤੇ ਅੱਗ ਹੀ ਅੱਗ ਵਰਸਣ ਲਗੀ ਇਸ ਬਾਰੂਦੀ ਲੜਾਈ ਵਿੱਚ ਪਹਿਲਾਂ ਸਿੱਖ ਸੇਨਾ ਨੂੰ ਬਹੁਤ ਨੁਕਸਾਨ ਝਲਣਾ ਪਿਆ। ਪਰ ਜਲਦੀ ਹੀ ਸੰਭਲ ਗਏ, ਉਨ੍ਹਾਂ ਨੇ ਵੀ ਇਕ ਤੋਪ ਦਾ ਗੋਲਾ ਐਸਾ ਦਾਗਇਆਂ ਜਿਸ ਨਾਲ ਅਜਮੇਰੀ ਦਰਵਾਜੇ ਦੀ ਕੰਧ ਵਿੱਚ ਮੌਰੀ ਹੋ ਗਈ। ਸਿੱਖ ਫੌਜੀ ਅੰਦਰ ਪ੍ਰਵੇਸ਼ ਕਰ ਗਏ ਅਤੇ ਅੰਦਰੋਂ ਦਰਵਾਜਾ ਖੋਲ ਦਿਤਾ। ਸਿੱਖ ਫੌਜੀਆਂ ਤੇ ਮੁਗਲ ਫੌਜੀਆਂ ਵਿੱਚ ਘਮਾਸਾਨ ਦੀ ਲੜਾਈ ਹੋਈ।

ਸਭ ਤੋਂ ਪਹਿਲਾਂ ਖ਼ਾਲਸੇ ਦੀ ਇਸ ਵਿਸ਼ਾਲ ਸੈਨਾ ਨੇ ਮਲਕਾ ਗੰਜ, ਮੁਗ਼ਲਪੁਰਾ ਅਤੇ ਸਬਜ਼ੀ ਮੰਡੀ ਆਦਿ ਇਲਾਕਿਆਂ 'ਤੇ ਆਪਣਾ ਕਬਜ਼ਾ ਕਾਇਮ ਕੀਤਾ। ਸ਼ਹਿਜ਼ਾਦਾ ਮਿਰਜ਼ਾ ਸ਼ਿਕੋਹ ਨੇ ਸਿੱਖਾਂ ਨੂੰ ਕਿਲ੍ਹਾ ਮਹਿਤਾਬ ਪੁਰ ਦੇ ਸਥਾਨ 'ਤੇ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਹਾਰ ਖਾ ਕੇ ਲਾਲ ਕਿਲ੍ਹੇ ਵਿੱਚ ਜਾ ਵੜਿਆ। ਇਸ ਮਗਰੋਂ ਖ਼ਾਲਸਾ ਫ਼ੌਜਾਂ ਨੇ ਲਾਲ ਕਿਲ੍ਹੇ ਦਾ ਰੁਖ ਕੀਤਾ। ਦੂਜੇ ਦਸਤੇ ਨੇ ਅਜਮੇਰੀ ਗੇਟ ਵਾਲੇ ਪਾਸੇ ਤੋਂ ਸ਼ਹਿਰ 'ਤੇ ਹਮਲਾ ਬੋਲ ਦਿੱਤਾ।

ਸਿੰਘਾਂ ਦੇ ਆਉਣ ਦੀ ਖਬਰ ਸੁਣ ਕੇ ਮੁਗ਼ਲ ਦਰਬਾਰੀ ਅਤੇ ਸ਼ਾਹ ਆਲਮ ਕਿਲ੍ਹੇ ਦੇ ਅੰਦਰਲੇ ਭਾਗਾਂ ਵਿੱਚ ਜਾ ਕੇ ਛਿਪ ਗਏ। ਸਰਦਾਰ ਬਘੇਲ ਸਿੰਘ ਤੇ ਸਾਰੇ ਸਰਦਾਰ

ਆਪਣੀਆਂ ਜੇਤੂ ਫ਼ੌਜਾਂ ਨਾਲ 11 ਮਾਰਚ 1783 ਈ: ਨੂੰ ਲਾਲ ਕਿਲ੍ਹੇ ਵਿੱਚ ਦਾਖਲ ਹੋ ਗਏ। ਲਾਹੌਰੀ ਦਰਵਾਜ਼ਾ, ਮੀਨਾ ਬਾਜ਼ਾਰ ਅਤੇ ਨਗਾਰਖਾਨਾ ਲੰਘ ਕੇ ਉਹ ਦੀਵਾਨ-ਏ-ਆਮ ਵਿੱਚ ਪਹੁੰਚੇ ਜਿੱਥੇ ਕਦੇ ਸ਼ਾਹ ਜਹਾਨ, ਔਰੰਗਜ਼ੇਬ ਅਤੇ ਬਹਾਦਰ ਸ਼ਾਹ ਵਰਗੇ ਮੁਗ਼ਲ ਬਾਦਸ਼ਾਹ ਆਪਣਾ ਦਰਬਾਰ ਲਗਾਇਆ ਕਰਦੇ ਸਨ। ਖ਼ਾਲਸਾਈ ਝੰਡਾ ਝੁਲਾਇਆ ਗਿਆ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਸਮਾ ਜਾਣ ਤੋਂ ਬਾਅਦ ਖ਼ਾਲਸੇ ਦੀਆਂ ਹੁਣ ਤੱਕ ਦੀਆਂ ਸਾਰੀਆਂ ਪ੍ਰਾਪਤੀਆਂ ਵਿਚੋਂ ਇਹ ਸਭ ਤੋਂ ਵੱਡੀ ਸਫ਼ਲਤਾ ਸੀ। ਜਿਸ ਲਾਲ ਕਿਲ੍ਹੇ ਵਿਚੋਂ 1716 ਈਸਵੀ ਵਿੱਚ ਬਾਦਸ਼ਾਹ ਫ਼ਰੁਖਸੀਅਰ ਦੇ ਹੁਕਮ ਨਾਲ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਦੇ 74● ਸਾਥੀ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ ਸੀ, ਅੱਜ ਉਹੀ ਲਾਲ ਕਿਲ੍ਹਾ ਖ਼ਾਲਸੇ ਦੇ ਕਦਮਾਂ ਵਿੱਚ ਸੀ ਤੇ ਇੱਥੋਂ ਦਾ ਮੁਗ਼ਲ ਬਾਦਸ਼ਾਹ ਖ਼ਾਲਸੇ ਕੋਲੋਂ ਆਪਣੀ ਜਾਨ ਅਤੇ ਆਪਣੇ ਰਾਜ ਦੀ ਸਲਾਮਤੀ ਦੀ ਭੀਖ ਮੰਗ ਰਿਹਾ ਸੀ। ਖਾਲਸਾ ਪੰਥ ਨੇ ਦਿੱਲੀ ਜਿੱਤਣ ਦੀ ਖੁਸ਼ੀ ਵਿੱਚ ਕਈ ਦਿੱਨ ਮਿਠਾਇਆਂ ਵੰਡੀਆਂ ਅੱਜ ਕੱਲ ਉਸ ਸਥਾਨ ਨੂੰ ਮਿਠਾਈ ਵਾਲਾ ਬਾਜ਼ਾਰ ਕਹਿਆਂ ਜਾਂਦਾ ਹੈ। ਸ਼ਾਹਆਲਮ ਕਿੱਲੇ ਵਿੱਚੋਂ ਗੁਪੱਤ ਸੁਰੰਗ ਰਾਹੀਂ ਕਿੱਲੇ ਤੋਂ ਬਾਹਰ ਭੱਜ ਨਿਕਲਿਆਂ। ਦਰਬਾਰੀਆਂ ਨੂੰ ਬੁਲਾ ਲਿਆ। ਹੁਣ ਉਹ ਚਾਹੁੰਦਾ ਸੀ ਕਿ ਕਿਸੇ ਤਰੀਕੇ ਨਾਲ ਸਿੱਖ ਜੱਥੇਦਾਰਾਂ ਨਾਲ ਸਮਝੌਤਾ ਹੋ ਜਾਏ ਤਾਂ ਕਿ ਮੁੜ ਕੇ ਦਿੱਲੀ ਦਾ ਬਾਦਸ਼ਾਹ ਬਣ ਜਾਵਾਂ। ਦਰਬਾਰੀਆਂ ਨੇ ਕਹਿਆ- ਅਸੀਂ ਫੌਜੀ ਤਾਕਤ ਨਾਲ ਸਿੱਖਾਂ ਪਾਸੋਂ ਦਿੱਲੀ ਵਾਪਿਸ ਨਹੀਂ ਲੈ ਸਕਦੇ। ਮੁਨਸ਼ੀ ਰਾਮ ਦਇਆਲ ਨੇ ਕਹਿਆ। ਜੇਕਰ ਸਮਰੂ ਬੇਗਮ ਜੋ ਕਿ ਸਰਦਾਰ ਬਗੇਲ ਸਿੱਘ ਦੀ ਮੂੰਹ ਬੋਲੀ ਭੈਣ ਹੈ। ਉਹ ਖਾਲਸਾ ਪੰਥ ਦੇ ਦਰਬਾਰ ਵਿੱਚ ਫਰਿਆਦ ਕਰੇ ਤਾਂ ਸੰਭਵ ਹੋ ਸਕਦਾ ਹੈ। ਸਮਰੂ ਬੇਗਮ ਨੂੰ ਬੁਲਾਇਆ ਗਇਆ ਅਤੇ ਉਸ ਨੂੰ ਸ਼ਾਹ ਆਲਮ ਦੀ ਫਰਿਆਦੀ ਬਣ ਕੇ ਖਾਲਸਾ ਦਰਬਾਰ ਵਿੱਚ ਘਲਿਆ ਗਇਆ।

ਖਾਲਸਾ ਪੰਥ ਦੇ ਸਨਮੁੱਖ ਇਕ ਸਮਸਿਆ ਇਹ ਸੀ ਕਿ ਸਾਡੇ ਮਿਸਲਦਾਰਾਂ ਵਿੱਚੋਂ ਦਿੱਲੀ ਦਾ ਸਾਸ਼ਕ ਕੌਣ ਬਣੇ? ਇਸ ਕਾਰਜ ਲਈ ਜੱਥੇਦਾਰ ਬਘੇਲ ਸਿੰਘ ਜੀ ਨੇ ਸਲਾਹ ਦਿਤੀ ਕਿ ਸਾਡੇ ਸਾਰਿਆਂ ਵਿੱਚੋਂ ਯੋਗ ਅਤੇ ਕੁਸ਼ਲ ਪ੍ਰਸ਼ਾਸਕ ਹਨ, ਜੱਥੇਦਾਰ ਜੱਸਾ ਸਿੰਘ ਆਹਲੁਵਾਲਿਆ ਜੀ। ਇਸ ਲਈ ਉਨ੍ਹਾ ਨੂੰ ਹੀ ਸੁਲਤਾਨ-ਏ-

ਉਲ-ਕੌਮ ਦੀ ਉਪਾਧੀ ਨਾਲ ਸੱਨਮਾਨਿਤ ਕਰ ਕੇ ਦਿੱਲੀ ਦੇ ਤਖ਼ਤ ਤੇ ਬਿਰਾਜਮਾਨ ਹੋਣ ਲਈ ਬੇਨਤੀ ਕਰਦੇ ਹਾਂ। ਇਹ ਵਿਚਾਰ ਸਰਵ ਸਮਤੀ ਨਾਲ ਸਵੀਕਾਰ ਕਰ ਲਿਆ ਗਇਆ। ਪਰ ਸਰਦਾਰ ਜੱਸਾ ਸਿੰਘ ਰਾਮਗੜੀਆ ਜੀ ਨੇ ਕਹਿਆਂ, "ਕਿਤੇ ਅਸੀਂ ਭੁਲ ਤਾਂ ਨਹੀਂ ਕਰ ਰਹੇ। ਕਿਉਂਕਿ **ਸਾਡਾ ਸਵਿੰਧਾਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ। ਕੋਈ ਵਿਸ਼ੇਸ਼ ਮਨੁੱਖ, ਸਾਸ਼ਕ ਨਹੀਂ ਹੋ ਸਕਦਾ। ਸਾਨੂੰ ਤਾਂ ਪੰਚਾਇਤੀ ਰਾਜ ਦੀ ਪਣਾਲੀ ਦੀ ਸਿੱਖਿਆ ਦਿਤੀ ਗਈ ਹੈ।**" ਸਾਰੀਆਂ ਨੇ ਮੁੜ ਵਿਚਾਰ ਕੀਤੀ। ਤਦ ਉਨ੍ਹਾਂ ਨੇ ਪੰਜ ਪਿਆਰਿਆਂ ਦੀ ਚੋਣ ਕੀਤੀ ਅਤੇ ਉਨ੍ਹਾਂ ਨੂੰ ਔਪਚਾਰਿਕਤਾ ਪੂਰੀ ਕਰਣ ਲਈ ਤਖਤ ਤੇ ਸੁਸ਼ੋਭਤ ਕੀਤਾ। ਇਹ ਸਨ: ਸ. ਜੱਸਾ ਸਿੰਘ ਆਹਲੂਵਾਲੀਆ ਜੀ, ਸ. ਜੱਸਾ ਸਿੰਘ ਰਾਮਗੜਿਆ ਜੀ, ਸ. ਬਘੇਲ ਸਿੰਘ ਜੀ, ਸ. ਤਾਰਾ ਸਿੰਘ ਗੈਬਾ ਜੀ ਅਤੇ ਸ. ਰਾਮ ਸਿੰਘ ਭੰਗੀ ਜੀ। ਇਸ ਔਪਚਾਰਿਕ ਸਮਾਗਮ ਤੇ ਸਾਰਿਆਂ ਨੇ ਜੈਕਾਰੇ ਗਜਾਕੇ ਪਰਵਾਨਗੀ ਦਿਤੀ ਅਤੇ ਦੇਗ ਵਰਤਾਈ ਗਈ। ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜੂਰ ਸੀ। ਸਿੰਘਾਂ ਦਾ ਦਰਬਾਰ ਸਜਿਆਂ ਹੋਇਆ ਸੀ। ਸਮਰੂ ਬੇਗਮ ਖਾਲਸਾ ਦਰਬਾਰ ਵਿੱਚ ਫਰਿਆਦਣ ਬਣ ਕੇ ਹਾਜ਼ਿਰ ਹੋਈ। ਉਸ ਦੀ ਬੇਨਤੀ ਤੇ ਸਾਰਿਆਂ ਨੇ ਧਿਆਨ ਇਕਾਗਰ ਕੀਤਾ, "**ਖਾਲਸਾ ਦਰਬਾਰ ਵਿੱਚੋਂ ਕੋਈ ਨਿਰਾਸ਼ ਹੋ ਕੇ ਨਹੀਂ ਜਾਂਦਾ।**" ਇਸ ਲਈ ਬੇਗਮ ਨੂੰ ਵਚਨ ਦਿੱਤਾ ਗਿਆ।

ਸਮਰੂ ਬੇਗਮ ਨੇ ਬੇਨਤੀ ਕੀਤੀ ਕਿ ਸ਼ਾਹਆਲਮ ਨੂੰ ਉਸ ਦੀ ਕਰੂਰ ਕਰਤੂਤ ਮਾਫ਼ ਕਰ ਦਿਤੀ ਜਾਵੇ। ਉਹ ਆਪਣੀ ਕਰਤੂਤ ਤੇ ਸ਼ਰਮਿੰਦਾ ਹੈ। ਉਸ ਨੇ ਆਪ ਜੀ ਪਾਸੋਂ ਖਿਮਾ ਲਈ ਬੇਨਤੀ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਉਹ ਖਾਲਸਾ ਪੰਥ ਦੇ ਹੁਕਮ ਦੀ ਪਾਲਨਾ ਕਰੇਗਾ ਅਤੇ ਸਾਰੀਆਂ ਮੰਗਾਂ ਵੀ ਮੰਨੇਗਾ। ਇਸ ਲਈ:-

1. **ਸ਼ਾਹ ਆਲਮ ਦੀ ਜ਼ਿੰਦਗੀ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਜਾਵੇ।**
2. **ਲਾਲ ਕਿਲ੍ਹੇ 'ਤੇ ਸ਼ਾਹ ਆਲਮ ਦਾ ਅਧਿਕਾਰ ਬਣਿਆ ਰਹਿਣ ਦਿੱਤਾ ਜਾਵੇ।**

ਇਸ ਦੁਹਾਈ ਨੂੰ ਸੁਣ ਕੇ ਸਰਦਾਰ ਜੱਸਾ ਸਿੰਘ ਆਹਲੁਵਾਲਿਆ ਜੀ ਨੇ ਕਹਿਆ, ਸ਼ਾਹ ਆਲਮ ਦੀ ਨਿਯਤ ਖ਼ਰਾਬ ਹੈ। ਉਸ ਨੇ ਸਾਨੂੰ ਦਿੱਲੀ ਆਉਂਣ ਦਾ (ਮਾਮਲਾ) ਨਹੀਂ ਦਿੱਤਾ।

ਖਾਲਸਾ ਪੰਥ ਨੇ ਇਸ ਘਟਨਾ ਕਰਮ ਤੇ ਦੁਬਾਰਾ ਵਿੱਚਾਰ ਕੀਤਾ। ਪਰ ਸਮਰੂ ਨੇ ਬੇਗਮ ਖਿੱਮਾ ਯਾਚਨਾ ਲਈ ਝੋਲੀ ਅੱਡ ਕੇ ਗੁਹਾਰ ਲਗਾਈ। ਉਸਨੇ ਕਹਿਆਂ ਕਿ ਸਰਦਾਰਾਂ ਵਿੱਚ ਅਤੇ ਮਰਾਠਿਆਂ ਜਾਂ ਅੰਗ੍ਰੇਜ਼ਾਂ ਵਿੱਚ ਕੀ ਫਰਕ ਰਹਿ ਜਾਇਗਾ।

ਅਬਲਾ ਨਾਰੀ ਦੇ ਹੰਜੂਆਂ ਤੇ ਖਾਲਸਾ ਪੰਥ ਪਸੀਜ ਗਿਆ। ਸ. ਬਘੇਲ ਸਿੰਘ ਨੇ ਕਹਿਆ, "ਅੱਜ ਅਸੀਂ ਦਿੱਲੀ ਦੇ ਲਾਲ ਕਿਲੇ ਅੰਦਰ ਕਬਜ਼ਾ ਜਮਾਈ ਬੈਠੇ ਹਾਂ। ਅਸੀਂ ਤਾਂ ਦਿੱਲੀ ਮਾਰੀ ਜਾਂ ਬਿੱਲੀ ਮਾਰੀ ਇੱਕ ਸਮਾਨ ਜਾਣਦੇ ਹਾਂ। ਪ੍ਰਤੂ ਸਾਡਿਆਂ ਕੁਝ ਸਰਤਾ ਹਨ ਜੋ ਸਾਹ ਆਲਮ ਨੂੰ ਮਾਨਿਆਂ ਪੈਣ ਗੀਆਂ।

ਚਾਰ ਸ਼ਰਤਾਂ ਵਿਚੋਂ ਪਹਿਲੀ ਸ਼ਰਤ ਇਹ ਸੀ ਕਿ ਦਿੱਲੀ ਦੀਆਂ ਉਹ ਸਾਰੀਆਂ ਥਾਵਾਂ ਖ਼ਾਲਸੇ ਨੂੰ ਸੌਂਪ ਦਿੱਤੀਆਂ ਜਾਣ, ਜਿਨ੍ਹਾਂ ਦਾ ਸੰਬੰਧ ਗੁਰੂ ਸਾਹਿਬਾਨ ਦੀ ਦਿੱਲੀ ਫੇਰੀ ਜਾਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨਾਲ ਜੁੜਿਆ ਹੋਇਆ ਸੀ। ਇਸ ਨਗਰੀ ਵਿੱਚ ਪੰਜ ਗੁਰੂ ਸਾਹਿਬਾਨ-ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਰਨ ਪਾਏ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾ ਜਾਣ ਮਗਰੋਂ ਇੱਥੇ ਹੀ ਮਾਤਾ ਸੁੰਦਰ ਕੋਰ ਜੀ ਅਤੇ ਮਾਤਾ ਸਾਹਿਬ ਕੌਰ ਜੀ ਲੰਮੇ ਸਮੇਂ ਤੱਕ ਰਹੇ ਅਤੇ ਇਥੇ ਹੀ ਜੋਤੀ-ਜੋਤਿ ਸਮਾਏ ਸਨ ਅਤੇ ਇਸੇ ਨਗਰ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ ਸੀ। ਸਾਰਿਆਂ ਸਾਦਗਾਰਾਂ ਦੀ ਉਸਾਰੀ ਖਾਲਸਾ ਪੰਥ ਆਪ ਕਰੇਗਾ। ਉਦੋਂ ਅਜਿਹੇ ਸਥਾਨਾਂ ਦੀ ਸੰਖਿਆ ਸੱਤ ਆਂਕੀ ਗਈ ਸੀ।

ਦੂਸਰੀ ਸ਼ਰਤ ਇਹ ਸੀ ਕਿ ਸ਼ਹਿਰ ਦੀ ਕੋਤਵਾਲੀ ਖ਼ਾਲਸੇ ਦੇ ਸਪੁਰਦ ਕੀਤੀ ਜਾਵੇ ਅਤੇ ਦਿੱਲੀ ਵਿੱਚ ਮਾਲ ਦੀ ਵਿਕਰੀ ਤੋਂ ਇਕੱਠੀ ਹੋਣ ਵਾਲੀ ਚੁੰਗੀ ਵਿਚੋਂ ਇੱਕ ਰੁਪੈ ਵਿਚੋਂ 6 ਆਨੇ (37.5%) ਦੇ ਹਿਸਾਬ ਨਾਲ ਸਿੱਖ ਪੰਥ ਨੂੰ ਪੈਸਾ ਦਿੱਤਾ ਜਾਵੇ। ਇਹੀ ਪੈਸਾ ਗੁਰਦੁਆਰਿਆਂ ਦੇ ਨਿਰਮਾਣ 'ਤੇ ਖਰਚ ਕੀਤਾ ਜਾਣਾ ਸੀ।

ਸਰਦਾਰ ਬਘੇਲ ਸਿੰਘ ਵਲੋਂ ਰੱਖੀ ਗਈ ਤੀਸਰੀ ਸ਼ਰਤ ਇਹ ਸੀ ਕਿ ਜਿਤਨੀ ਦੇਰ ਤੱਕ ਦਿੱਲੀ ਦੇ ਗੁਰਦੁਆਰੇ ਸਥਾਪਤ ਨਹੀਂ ਹੋ ਜਾਂਦੇ, ਉਤਨੀ ਦੇਰ ਤੱਕ ਉਸ ਦੇ 4000 ਸਿੱਖ ਸੈਨਿਕ ਦਿੱਲੀ ਵਿੱਚ ਟਿਕੇ ਰਹਿਣਗੇ। ਇਨ੍ਹਾਂ ਸੈਨਿਕਾਂ ਦਾ ਖਰਚ ਸ਼ਾਹੀ ਖਜ਼ਾਨੇ ਵਿਚੋਂ ਦਿੱਤਾ ਜਾਵੇਗਾ।

ਇਹ ਸਾਰੀਆਂ ਸ਼ਰਤਾਂ ਉਸ ਦੇ ਸਿੱਖੀ ਜਜ਼ਬੇ ਅਤੇ ਗੁਰੂ ਸਾਹਿਬਾਨ ਪ੍ਰਤੀ ਅਥਾਹ ਸ਼ਰਧਾ ਅਤੇ ਪਿਆਰ ਦੀਆਂ ਲਖਾਇਕ ਹਨ। ਉਸਨੇ ਦਿੱਲੀ 'ਤੇ ਰਾਜ ਕਰਨ ਨਾਲੋਂ ਗੁਰੂ ਸਾਹਿਬਾਨ ਦੀਆਂ ਯਾਦਗਾਰਾਂ ਕਾਇਮ ਕਰਨ ਨੂੰ ਪਹਿਲ ਦਿੱਤੀ । ਲਗਦਾ ਹੈ ਗੁਰਬਾਣੀ ਦੀਆਂ ਇਹ ਪੰਕਤੀਆਂ ਇਹੋ ਜਿਹੇ ਗੁਰਸਿੱਖਾਂ ਦੇ ਜੀਵਨ ਨੂੰ ਹੀ ਦਰਸਾਉਂਦੀਆਂ ਹਨ, ਜਿਨ੍ਹਾਂ ਨੇ ਸੰਸਾਰਕ ਸੁਖਾਂ ਦੀ ਥਾਂ 'ਤੇ ਗੁਰੂ ਚਰਨਾਂ ਦੀ ਪ੍ਰੀਤੀ ਨੂੰ ਸ੍ਰੇਸ਼ਟ ਜਾਣਿਆ ਸੀ:

**ਰਾਜੁ ਨ ਚਾਹਉ ਮੁਕਤਿ ਨ ਚਾਹਉ, ਮਨਿ ਪ੍ਰੀਤਿ ਚਰਨ ਕਮਲਾਰੇ ॥**

**ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ– 538**

ਸ਼ਾਹ ਆਲਮ ਦੁਆਰਾ ਸਰਦਾਰ ਬਘੇਲ ਸਿੰਘ ਵਲੋਂ ਰੱਖੀਆਂ ਗਈਆਂ ਸ਼ਰਤਾਂ ਨੂੰ ਮੰਨ ਲੈਣ ਮਗਰੋਂ ਖ਼ਾਲਸਾ ਫ਼ੌਜਾਂ ਕਿਲ੍ਹੇ ਵਿਚੋਂ ਬਾਹਰ ਆ ਗਈਆਂ। ਨਗਰ ਦੀ ਸੁਰੱਖਿਆ ਨੂੰ ਭੰਗ ਨਾ ਕਰਨ ਅਤੇ ਕਿਲ੍ਹਾ ਛੱਡ ਜਾਣ ਦੀ ਹਾਲਤ ਵਿੱਚ ਸ਼ਾਹ ਆਲਮ, ਵਲੋਂ ਸਿੱਖਾਂ ਨੂੰ 10 ਲੱਖ ਰੁਪਿਆ ਨਜ਼ਰਾਨਾ ਦਿਤਾ ਗਿਆ। ਸਰਦਾਰ ਬਘੇਲ ਸਿੰਘ ਨੇ ਲਖਪਤ ਰਾਏ ਨੂੰ ਮੁਗ਼ਲ ਦਰਬਾਰ ਵਿੱਚ ਆਪਣਾ ਦੂਤ ਮੁਕੱਰਰ ਕਰ ਦਿੱਤਾ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਇੱਥੋਂ ਜਾਂਦਾ ਹੋਇਆ ਮੁਗ਼ਲਾਂ ਦੀਆਂ 5 ਤੋਪਾਂ, ਬੰਦੂਕਾਂ ਅਤੇ ਉਨ੍ਹਾਂ ਦੀ ਤਾਜਪੋਸ਼ੀ ਵਾਲੀ ਰੰਗ-ਬਰੰਗੇ ਪੱਥਰ ਦੀ ਇਕ ਸੁੰਦਰ ਸਿਲ (ਤਖਤੇ ਤਾਊਸ) ਘੋੜਿਆਂ ਮਗਰ ਪਾਕੇ ਘੜੀਸ ਕੇ ਆਪਣੇ ਨਾਲ ਲੈ ਆਇਆ । ਇਹ ਸਿਲ 6 ਫੁੱਟ ਲੰਬੀ, ਚਾਰ ਫੁੱਟ ਚੌੜੀ ਅਤੇ 9 ਇੰਚ ਮੋਟੀ ਹੈ। ਇਹ ਸਿਲ ਸ੍ਰੀ ਅੰਮ੍ਰਿਤਸਰ ਦੇ ਰਾਮਗੜ੍ਹੀਆ ਬੁੰਗੇ ਵਿੱਚ ਅੱਜੇ ਵੀ ਵੇਖੀ ਜਾ ਸਕਦੀ ਹੈ।

ਮੁਗ਼ਲ ਬਾਦਸ਼ਾਹ ਨਾਲ ਸਮਝੌਤਾ ਹੋ ਜਾਣ ਮਗਰੋਂ ਸਰਦਾਰ ਬਘੇਲ ਸਿੰਘ ਨਗਰ ਦੇ ਪੁਰਾਣੇ ਹਿੰਦੂ, ਮੁਸਲਮਾਨ ਅਤੇ ਟਾਵੇਂ - ਟਾਵੇਂ ਸਿੱਖ ਬਜ਼ੁਰਗਾਂ ਨੂੰ ਮਿਲਿਆ ਜੋ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਮੇਂ ਤੋਂ ਹੀ ਦਿੱਲੀ ਵਿੱਚ ਵੱਸੇ ਹੋਏ ਸਨ। ਉਨ੍ਹਾਂ ਕੋਲੋਂ ਪੁੱਛ ਕੇ ਉਸਨੇ ਉਨ੍ਹਾਂ ਸਥਾਨਾਂ ਦੀ ਭਾਲ ਸ਼ੁਰੂ ਕੀਤੀ ਜਿੱਥੇ ਸ੍ਰ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸੁੰਦਰ ਕੌਰ ਅਤੇ ਮਾਤਾ ਸਾਹਿਬ ਕੌਰ ਜੀ ਆ ਕੇ ਠਹਿਰੇ ਸਨ ਅਤੇ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ 11 ਨਵੰਬਰ 1675 ਈ: ਨੂੰ ਸ਼ਹੀਦ ਕੀਤਾ

ਗਿਆ ਸੀ। ਪੁਰਾਣੇ ਇਤਿਹਾਸਕ ਗ੍ਰੰਥਾਂ ਅਨੁਸਾਰ ਸਰਦਾਰ ਬਘੇਲ ਸਿੰਘ ਨੇ ਅਜਿਹੇ ਸੱਤ ਸਥਾਨਾਂ ਦੀ ਨਿਸ਼ਾਨਦੇਹੀ ਕੀਤੀ ਜਿੱਥੇ ਹੁਣ ਗੁਰਦੁਆਰਾ ਨਾਨਕ ਪਿਆਉ, ਗੁਰਦੁਆਰਾ ਮਜਨੂੰ ਕਾ ਟਿੱਲਾ, ਗੁਰਦੁਆਰਾ ਬੰਗਲਾ ਸਾਹਿਬ, ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਰਕਾਬ ਗੰਗ ਸਾਹਿਬ, ਗੁਰਦੁਆਰਾ ਸਾਹਿਬ ਮੋਤੀ ਬਾਗ ਅਤੇ ਗੁਰਦੁਆਰਾ ਸਾਹਿਬ ਮਾਤਾ ਸੁੰਦਰ ਕੌਰ ਜੀ ਸਥਾਪਤ ਹਨ। ਬਾਕੀ ਤਿੰਨ ਗੁਰਦੁਆਰੇ-ਗੁਰਦੁਆਰਾ ਬਾਲਾ ਸਾਹਿਬ, ਗੁਰਦੁਆਰਾ ਦਮਦਮਾ ਸਾਹਿਬ ਅਤੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਮਗਰੋਂ ਕਾਇਮ ਕੀਤੇ ਗਏ।

ਇਨ੍ਹਾਂ ਗੁਰਦੁਆਰਿਆਂ ਨੂੰ ਸਥਾਪਤ ਕਰਨ ਲਈ ਸਰਦਾਰ ਸਘੇਲ ਸਿੰਘ ਅਪ੍ਰੈਲ 1783 ਈ: ਤੋਂ ਲੈ ਕੇ ਨਵੰਬਰ 1783 ਈ: ਤੱਕ ਦਿੱਲੀ ਵਿੱਚ ਹੀ ਠਹਿਰੇ ਰਹੇ।

ਜਦੋਂ ਗੁਰਦੁਆਰਾ ਰਕਾਬ ਗੰਜ ਵਾਲੀ ਥਾਂ ਪੁੱਟੀ ਗਈ ਤਾਂ ਥੱਲਿਓਂ ਪਿੱਤਲ ਦੀ ਇੱਕ ਗਾਗਰ ਮਿਲੀ ਉਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧੜ ਦੀਆਂ ਅਸਥੀਆਂ ਨੂੰ ਸੰਭਾਲਿਆ ਹੋਇਆ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਾਲੀ ਥਾਂ ਖੋਜਣ ਵਿੱਚ ਇਕ ਬੁੱਢੀ ਮਾਸ਼ਕਣ ਨੇ ਸੀਸ ਗੰਜ ਵਾਲੀ ਥਾਂ ਦਾ ਥਹੁ-ਪਤਾ ਦੱਸਿਆ ਸੀ, ਉਸ ਦੇ ਪਿਤਾ ਨੇ ਖ਼ੂਨ ਨਾਲ ਲੱਖਪੱਥ ਹੋਇਆ ਉਹ ਥੜ੍ਹਾ ਧੋਤਾ ਸੀ, ਜਿਸ ’ਤੇ ਬਿਠਾ ਕੇ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਉਸ ਬੁੱਢੀ ਮਾਸ਼ਕਣ ਨੇ ਦੱਸਿਆ ਕਿ ਸ਼ਹੀਦੀ ਦੇ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੁੱਖ ਪੂਰਬ ਵੱਲ ਸੀ ਅਤੇ ਉਨ੍ਹਾਂ ਦਾ ਸੀਸ ਧੜ ਨਾਲੋਂ ਅਲੱਗ ਹੋ ਕੇ ਅੱਗੇ ਨੂੰ ਡਿੱਗਿਆ ਸੀ। ਇਸ ਥਾਂ ’ਤੇ ਵੀ ਗੁਰਦੁਆਰਾ (ਸੀਸ ਗੰਜ) ਸਥਾਪਤ ਕਰਨ ਸਮੇਂ ਰੂੜ੍ਹੀਵਾਦੀ ਮੁਸਲਮਾਨਾਂ ਨਾਲ ਝਗੜਾ ਹੋ ਗਿਆ। ਦੋਹਾਂ ਪਾਸਿਆਂ ਤੋਂ ਤਲਵਾਰਾਂ ਨਿਕਲ ਆਈਆਂ। ਪਰ ਵੱਡੇ ਵਜ਼ੀਰ ਦੇ ਆ ਜਾਣ ਨਾਲ ਇਹ ਮਸਲਾ ਹੱਲ ਹੋ ਗਿਆ। ਮਗਰੋਂ ਰਾਜਾ ਸਰੂਪ ਸਿੰਘ ਅਤੇ ਰਾਜਾ ਰਘਬੀਰ ਸਿੰਘ ਜੀਂਦ ਵਾਲਿਆਂ ਨੇ ਹੋਰ ਜਗ੍ਹਾ ਲੈ ਕੇ ਗੁਰਦੁਆਰੇ ਦੀ ਨਵੀਂ ਇਮਾਰਤ ਤਾਮੀਰ ਕਰਵਾ ਦਿੱਤੀ।

ਦਿੱਲੀ ਵਿੱਚ ਗੁਰੂ ਸਾਹਿਬਾਨ ਦੀਆਂ ਇਹ ਯਾਦਗਾਰਾਂ ਕਾਇਮ ਕਰਨੀਆਂ ਸਰਦਾਰ ਬਘੇਲ ਸਿੰਘ ਦੇ ਜੀਵਨ ਦੀ ਅਜਿਹੀ ਮਹਾਨ ਪ੍ਰਾਪਤੀ ਹੈ, ਜਿਸ ਕਾਰਨ ਪੰਥ ਵਿੱਚ ਸਦਾ ਉਸ ਦਾ ਨਾਮ ਉਜਲਾ ਰਹੇਗਾ। **ਭਾਈ ਰਤਨ ਸਿੰਘ (ਭੰਗੂ) ‘ਪ੍ਰਾਚੀਨ**

**ਪੰਥ ਪ੍ਰਕਾਸ਼' ਵਿੱਚ ਲਿਖਦੇ ਹਨ:**

**ਮੱਧ ਦਿੱਲੀ ਲਯੋ ਦੋਹਰੋ ਚਿਣਾਇ, ਸਤਮੋਂ ਝੰਡੋ ਇਮ ਦੀਉ ਝੁਲਾਇ।**
**ਬਜਾਇ ਨਗਾਰੇ ਕੜਾਹੁ ਕਰਾਏ, ਸਿਖ ਪਰਸੰਨ ਚੁਤਰਫੋਂ ਆਏ।**
**ਸਰਦਾਰ ਬਘੇਲ ਸਿੰਘ ਇਸ ਗਢ ਮਾਰਾ, ਰਹੂਗੁ ਪ੍ਰਿਥੀ ਉਸ ਨਾਮ ਉਜਾਰਾ।**
**ਐਸੀ ਕਰੀ ਉਨ ਗੁਰ ਕੀ ਕਾਰ, ਪਾਊ ਜਗ੍ਹਾ ਵਹਿ ਗੁਰ ਕੇ ਦ੍ਵਾਰ।87।**

ਸ਼ਾਹ ਆਲਮ ਨਾਲ ਹੋਈ ਸੰਧੀ ਅਨੁਸਾਰ ਜਿਤਨੀ ਦੇਰ ਤੱਕ ਸਰਦਾਰ ਬਘੇਲ ਸਿੰਘ ਦਿੱਲੀ ਵਿੱਚ ਰਿਹਾ, ਸਾਰੇ ਨਗਰ ਦਾ ਪ੍ਰਬੰਧ ਉਸ ਦੇ ਆਪਣੇ ਹੱਥਾਂ ਵਿੱਚ ਸੀ। ਉਸ ਲਈ ਸਬਜ਼ੀ ਮੰਡੀ ਦੇ ਨੇੜੇ ਸਦਰ ਦਰਵਾਜ਼ੇ ਕੋਲ ਇੱਕ ਚਬੂਤਰਾ ਉਸਾਰਿਆ ਗਿਆ, ਜਿੱਥੇ ਬੈਠ ਕੇ ਉਹ ਦਿੱਲੀ ਵਿੱਚ ਆਉਣ ਵਾਲੇ ਤਜਾਰਤੀ ਮਾਲ ਦੀ ਚੁੰਗੀ ਵਸੂਲ ਕਰਿਆ ਕਰਦਾ ਸੀ। ਗੁਰਦੁਆਰੇ ਕਾਇਮ ਹੋ ਜਾਣ ਤੋਂ ਬਾਅਦ ਇਨ੍ਹਾਂ ਵਿੱਚ ਇਕ-ਇਕ ਗ੍ਰੰਥੀ ਨਿਯੁਕਤ ਕੀਤਾ ਗਿਆ। ਗੁਰਦੁਆਰਿਆਂ ਦੀ ਸੇਵਾ- ਸੰਭਾਲ ਅਤੇ ਖਰਚਿਆਂ ਨੂੰ ਪੂਰਾ ਕਰਨ ਲਈ ਇਨ੍ਹਾਂ ਨਾਲ ਸਥਾਈ ਤੌਰ 'ਤੇ ਜਗੀਰਾਂ ਲਗਵਾ ਦਿੱਤੀਆਂ ਗਈਆਂ।

ਸ਼ਹਿਰ ਵਿੱਚ ਖ਼ਾਲਸੇ ਦਾ ਹੁਕਮ ਚਲਦਾ ਸੀ। ਉਸ ਵੇਲੇ ਇਹ ਗੱਲ ਆਮ ਪ੍ਰਚੱਲਤ ਸੀ ਕਿ ਬਾਦਸ਼ਾਹ ਦਾ ਰਾਜ ਕਿਲ੍ਹੇ ਅਤੇ ਸ਼ਹਿਰ ਦੀਆਂ ਅੰਦਰਲੀਆਂ ਦੀਵਾਰਾਂ ਤੱਕ ਸੀਮਿਤ ਹੈ ਪਰ ਬਾਹਰ ਰਾਜ ਖ਼ਾਲਸੇ ਦਾ ਚਲਦਾ ਹੈ। ਜਿਸ ਥਾਂ 'ਤੇ ਟਿਕ ਕੇ ਸਰਦਾਰ ਬਘੇਲ ਸਿੰਘ ਨੇ ਦਿੱਲੀ ਦੇ ਗੁਰਦੁਆਰਿਆਂ ਦੀ ਉਸਾਰੀ ਕਰਵਾਈ ਸੀ, ਸਮੇਂ ਦੇ ਗੇੜ ਨਾਲ ਉਨ੍ਹਾਂ ਦਾ ਉਹ ਰਿਹਾਇਸ਼ੀ ਸਥਾਨ ਲੁਪਤ ਹੋ ਚੁੱਕਾ ਹੈ, ਜਿਸ ਦੀ ਭਾਲ ਕਰਨੀ ਬਾਕੀ ਹੈ।

ਪੰਜਾਬ ਪਰਤਣ ਤੋ ਪਹਿਲਾਂ ਸਰਦਾਰ ਬਘੇਲ ਸਿੰਘ ਆਖਰੀ ਵਾਰ ਸ਼ਾਹ ਆਲਮ ਦੂਜੇ ਨੂੰ ਨਵੰਬਰ 1783 ਈ: ਵਿੱਚ ਮਿਲਿਆ। ਇਹ ਮਿਲਣੀ ਦੋ ਸੁਤੰਤਰ ਰਾਜਿਆਂ ਵਿਚਕਾਰ ਸੀ। ਇਸ ਸਾਰੀ ਕਾਰਵਾਈ ਵਿੱਚ ਰਾਮ ਦਿਆਲ ਨੇ ਬੜੀ ਅਹਿਮ ਭੂਮਿਕਾ ਨਿਭਾਈ ਸੀ। ਦਰਬਾਰ ਤੋਂ ਵਿਦਾ ਹੋਣ ਸਮੇਂ ਸ਼ਾਹ ਆਲਮ ਨੇ ਸਰਦਾਰ ਬਘੇਲ ਸਿੰਘ ਨੂੰ ਸਾਜ਼ੋ-ਸਾਮਾਨ ਨਾਲ ਲੱਦਿਆ ਇਕ ਹਾਥੀ, ਪੰਜ ਘੋੜੇ, ਹੀਰੇ ਜੜਤ ਇਕ ਕੀਮਤੀ ਮਾਲਾ ਤੇ ਬਹੁਤ ਸਾਰੇ ਵਡਮੁੱਲੇ ਤੋਹਫੇ ਦੇ ਕੇ ਪੂਰੇ ਸ਼ਾਹੀ ਸਨਮਾਨ ਨਾਲ ਤੋਰਿਆ।

ਸਿੱਖਾਂ ਦੇ ਵਾਪਸ, ਪੰਜਾਬ ਪਰਤ ਜਾਣ ਤੋਂ ਬਾਅਦ ਸ਼ਾਹ ਆਲਮ ਨੇ ਫਿਰ ਉਨ੍ਹਾਂ ਵਿਰੁੱਧ ਗੋਂਦਾ ਗੁੰਦਣੀਆਂ ਸ਼ੁਰੂ ਕਰ ਦਿੱਤੀਆਂ। ਉਸ ਨੇ ਦਸੰਬਰ 1784 ਈ: ਵਿਚ ਮਰਾਠਾ ਸਰਦਾਰ ਮਾਹਦੋ ਜੀ ਸਿੰਧੀਆ ਨੂੰ ਵਕੀਲੇ ਮੁਤਲਕ ਬਣਾ ਕੇ ਉਸ ਨੂੰ ਸਿੱਖਾਂ ਅਤੇ ਰੁਹੇਲਿਆਂ ਨੂੰ ਦਬਾਉਣ ਦਾ ਕੰਮ ਸੌਂਪਿਆ। ਇਸੇ ਦੌਰਾਨ ਸਿੱਖਾਂ ਦੀ ਇੱਕ ਵੱਡੀ ਫ਼ੌਜ ਸਰਦਾਰ ਬਘੇਲ ਸਿੰਘ, ਸਰਦਾਰ ਗੁਰਦਿੱਤ ਸਿੰਘ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਕਮਾਨ ਥੱਲੇ ਗੰਗਾ-ਜਮਨਾ ਦੁਆਬ 'ਤੇ ਜਾ ਪਈ। ਉਹ ਵਧਦੇ-ਵਧਦੇ ਗੰਗਾ ਦੇ ਉਰਲੇ ਪਾਰ ਅਵਧ ਤੱਕ ਪਹੁੰਚ ਗਏ। ਉਨ੍ਹਾਂ ਦੇ ਇਸ ਹਮਲੇ ਤੋਂ ਅਵਧ ਦਾ ਨਵਾਬ ਅਤੇ ਪੂਰਬੀ ਪ੍ਰਾਂਤਾਂ ਵਿੱਚ ਬੈਠੇ ਅੰਗਰੇਜ਼ ਚੌਕਸ ਹੋ ਗਏ। ਸਿੱਖਾਂ ਦੇ ਸੰਭਾਵਿਤ ਹਮਲੇ ਤੋਂ ਡਰ ਕੇ ਉਨ੍ਹਾਂ ਨੇ ਗੰਗਾ ਦੇ ਪਰਲੇ ਪਾਰ ਮੋਰਚੇਬੰਦੀ ਕਰ ਲਈ। ਪਰ ਸਿੱਖ ਗੰਗਾ ਪਾਰ ਕੀਤੇ ਬਗੈਰ ਹੀ ਕਈ ਨਗਰਾਂ ਨੂੰ ਜਿੱਤਦੇ ਹੋਏ ਮਾਮਲਾ ਲੈ ਕੇ ਵਾਪਸ ਪੰਜਾਬ ਪਰਤ ਆਏ।

ਸ਼ਾਹ ਆਲਮ ਦੇ ਬਦਲਦੇ ਵਤੀਰੇ ਕਾਰਨ ਜਨਵਰੀ 1785 ਈ: ਵਿੱਚ ਇਕ ਵਾਰ ਫਿਰ ਸਰਦਾਰ ਬਘੇਲ ਸਿੰਘ ਨੇ ਦਿੱਲੀ 'ਤੇ ਹਮਲਾ ਕੀਤਾ। ਉਸ ਦੇ ਨਾਲ ਸਰਦਾਰ ਗੁਰਦਿੱਤ ਸਿੰਘ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵੀ ਸਨ। ਇਸ ਵਾਰ ਮਰਾਠਾ ਸਰਦਾਰ ਅੰਬਾ ਜੀ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੀ ਮਦਦ 'ਤੇ ਸੀ। ਸਰਦਾਰ ਬਘੇਲ ਸਿੰਘ ਨੇ ਉਨ੍ਹਾਂ ਦੀਆਂ ਸਾਂਝੀਆਂ ਫ਼ੌਜਾਂ ਨੂੰ ਹਰਾ ਕੇ ਸ਼ਾਹ ਆਲਮ ਤੋਂ ਭਾਰੀ ਨਜ਼ਰਾਨਾ ਵਸੂਲ ਕੀਤਾ। 30 ਮਾਰਚ 1785 ਈ: ਨੂੰ ਸ਼ਾਹ ਆਲਮ ਨਾਲ ਇਕ ਸੰਧੀ 'ਤੇ ਦਸਤਖ਼ਤ ਕੀਤੇ ਗਏ ਜਿਸ ਅਨੁਸਾਰ ਉਸ ਨੇ ਦਸ ਲੱਖ ਰੁਪਿਆ ਸਾਲਾਨਾ ਸਰਦਾਰ ਬਘੇਲ ਸਿੰਘ ਨੂੰ ਦੇਣਾ ਮਨਜ਼ੂਰ ਕਰ ਲਿਆ। ਇਸ ਸੰਧੀ 'ਤੇ ਦਸਤਖਤ ਕਰਨ ਸਮੇਂ ਸਰਦਾਰ ਬਘੇਲ ਸਿੰਘ ਦੇ ਨਾਲ ਸਰਦਾਰ ਕਰਮ ਸਿੰਘ, ਸਰਦਾਰ ਦੁਲਚਾ ਸਿੰਘ, ਸਰਦਾਰ ਭਾਗ ਸਿੰਘ, ਸਰਦਾਰ ਦੀਵਾਨ ਸਿੰਘ ਅਤੇ ਸਰਦਾਰ ਮੋਹਰ ਸਿੰਘ ਆਦਿ ਸਿੱਖ ਸਰਦਾਰ ਵੀ ਸਨ। ਕਿਹਾ ਜਾਂਦਾ ਹੈ ਕਿ ਜਦੋਂ ਤੱਕ ਸਰਦਾਰ ਬਘੇਲ ਸਿੰਘ ਜ਼ਿੰਦਾ ਰਹੇ 10 ਲੱਖ ਦੀ ਇਹ ਰਕਮ ਨਿਯਮਤ ਤੌਰ 'ਤੇ ਉਨ੍ਹਾਂ ਨੂੰ ਮਿਲਦੀ ਰਹੀ।

1787 ਈ: ਦੇ ਅੱਧ ਵਿਚ ਜਦੋਂ ਜ਼ਾਬਤਾ ਖਾਂ ਦੇ ਪੁੱਤਰ ਗੁਲਾਮ ਕਾਦਰ ਰੁਹੇਲੇ ਨੇ ਦਿੱਲੀ 'ਤੇ ਹਮਲਾ ਕੀਤਾ ਤਾਂ ਸ਼ਾਹ ਆਲਮ ਨੇ ਸਿੱਖਾਂ ਦੀ ਮਦਦ ਲੈਣ ਲਈ ਸਰਦਾਰ

ਬਘੇਲ ਸਿੰਘ ਨੂੰ ਕਈ ਚਿੱਠੀਆਂ ਲਿਖੀਆਂ ਪਰ ਸਿੱਖਾਂ ਨੂੰ ਇਸ ਗੱਲ ਦਾ ਇਤਰਾਜ਼ ਸੀ ਕਿ ਮੁਗ਼ਲ ਦਰਬਾਰ ਵਿਚ ਰਹਿ ਰਹੇ ਮਰਾਠੇ ਉਨ੍ਹਾਂ ਵਿਰੁੱਧ ਲੜੇ ਸਨ ਅਤੇ ਉਨ੍ਹਾਂ ਨੂੰ ਉਹ ਸਨਮਾਨ ਨਹੀਂ ਸੀ ਦਿੱਤਾ ਗਿਆ ਜਿਸ ਦੇ ਉਹ ਹੱਕਦਾਰ ਸਨ। ਇਸ ਲਈ ਸਰਦਾਰ ਬਘੇਲ ਸਿੰਘ ਨੇ ਮੁਗ਼ਲ ਬਾਦਸ਼ਾਹ ਦੀ ਮਦਦ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਗ਼ੁਲਾਮ ਕਾਦਰ ਨੇ ਦਿੱਲੀ 'ਤੇ ਹਮਲਾ ਕਰ ਕੇ ਲਾਲ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਸ਼ਾਹ ਆਲਮ ਨੂੰ ਬੰਦੀ ਬਣਾ ਕੇ ਉਸ ਦੇ ਸਾਹਮਣੇ ਲਿਆਂਦਾ ਗਿਆ। ਗੁਲਾਮ ਕਾਦਰ ਦੇ ਹੁਕਮ ਨਾਲ 10 ਅਗਸਤ 1788 ਈ: ਨੂੰ ਸ਼ਾਹ ਆਲਮ ਨੂੰ ਅੰਨ੍ਹਾ ਕਰ ਦਿੱਤਾ ਗਿਆ।

ਹੁਣ ਸਰਦਾਰ ਬਘੇਲ ਸਿੰਘ ਦੀ ਉਮਰ ਵਧਦੀ ਜਾ ਰਹੀ ਸੀ। ਉਹ ਆਪਣਾ ਬਹੁਤਾ ਸਮਾਂ ਆਪਣੀ ਰਾਜਧਾਨੀ ਛਲੌਂਦੀ (ਕਰਨਾਲ), ਅੰਮ੍ਰਿਤਸਰ ਅਤੇ ਰਿਹਾਣਾ ਜੱਟਾਂ ਹਰਿਆਣਾ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਰਹਿ ਕੇ ਬਿਤਾਉਣ ਲੱਗ ਪਿਆ। ਸਿੱਖ ਮਿਸਲਾਂ ਵਿਚੋਂ ਭੰਗੀ ਅਤੇ ਸ਼ੁਕਰਚੱਕੀਆ ਮਿਸਲ ਦੇ ਸਰਦਾਰਾਂ ਨੇ ਆਪਣੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਸਨ। ਸਰਦਾਰ ਬਘੇਲ ਸਿੰਘ ਦਾ ਇਕ ਬਜ਼ੁਰਗ ਨੇਤਾ ਵਜੋਂ ਸਾਰੇ ਸਿੱਖ ਸਰਦਾਰ ਸਤਿਕਾਰ ਕਰਦੇ ਸਨ ਅਤੇ ਉਨ੍ਹਾਂ ਕੋਲੋਂ ਅਗਵਾਈ ਲੈਂਦੇ ਸਨ। 1798 ਈ: ਵਿਚ ਜਦੋਂ ਜਾਰਜ ਥੌਮਸ ਨੇ ਜੀਂਦ ਉੱਪਰ ਹਮਲਾ ਕੀਤਾ ਤਾਂ ਸਰਦਾਰ ਬਘੇਲ ਸਿੰਘ ਆਪਣੀ ਵਡੇਰੀ ਉਮਰ ਦੇ ਬਾਵਜੂਦ ਵੀ ਜੀਂਦ ਦੇ ਰਾਜ ਦੀ ਮਦਦ ਲਈ ਪਹੁੰਚ ਗਏ। ਇਸੇ ਤਰ੍ਹਾਂ ਜਦੋਂ ਜਾਰਜ ਥੌਮਸ ਨੇ ਪਟਿਆਲੇ ਦੁਆਲੇ ਘੇਰਾ ਪਾ ਲਿਆ ਤਾਂ ਰਾਣੀ ਸਾਹਿਬ ਕੌਰ ਦੀ ਬੇਨਤੀ 'ਤੇ ਸਰਦਾਰ ਬਘੇਲ ਸਿੰਘ ਆਪਣੇ ਸਾਥੀ ਭਾਗ ਸਿੰਘ ਨੂੰ ਨਾਲ ਲੈ ਕੇ ਉਨ੍ਹਾਂ ਦੀ ਮਦਦ ਲਈ ਆ ਗਏ। ਉਹ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੇ ਸਨ ਕਿ ਕੋਈ ਹੋਰ ਤਾਕਤ ਸਿੱਖ ਰਿਆਸਤਾਂ ਨੂੰ ਦਬਾ ਕੇ ਉਨ੍ਹਾਂ 'ਤੇ ਕਬਜ਼ਾ ਕਰ ਲਵੇ। ਸਮੇਂ ਸਿਰ ਪਹੁੰਚੀ ਮਦਦ ਕਾਰਨ ਜਾਰਜ ਥੌਮਸ ਨੂੰ ਪਟਿਆਲੇ ਦਾ ਘੇਰਾ ਚੁੱਕਣਾ ਪੈ ਗਿਆ।

## ਦੇਹਾਂਤ :

ਸੰਨ 1800 ਈ: ਵਿਚ ਸਰਦਾਰ ਬਘੇਲ ਸਿੰਘ ਸ੍ਰੀ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਦਰਸ਼ਨ ਕਰਨ ਲਈ ਗਏ। ਸਰਦਾਰ ਬਘੇਲ ਸਿੰਘ ਦਾ ਦੇਹਾਂਤ 1802 ਈ: ਵਿੱਚ ਹੋਇਆ। ਉਨ੍ਹਾਂ ਦੀ ਯਾਦਗਾਰ ਰਿਹਾਣਾ (ਜ਼ਿਲ੍ਹਾ ਹੁਸ਼ਿਆਰਪੁਰ) ਵਿੱਚ ਹੈ। ਭਾਈ

ਕਾਹਨ ਸਿੰਘ ਨਾਭਾ ਉਨ੍ਹਾਂ ਦਾ ਦੇਹਾਂਤ ਅੰਮ੍ਰਿਤਸਰ ਵਿਖੇ ਹੋਇਆ ਲਿਖਦੇ ਹਨ। ਇਸ ਮਹਾਨ ਯੋਧੇ ਦੀ ਯਾਦ ਵਿਚ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਗੁਰਦੁਆਰਾ ਬੰਗਲਾ ਸਾਹਿਬ ਵਿਖੇ 'ਬਾਬਾ ਬਘੇਲ ਸਿੰਘ ਅਜਾਇਬ ਘਰ' ਸਥਾਪਤ ਹੈ ਜਿਸ ਨੂੰ ਵੇਖਣ ਲਈ ਦੇਸ਼-ਵਿਦੇਸ਼ ਤੋਂ ਸੰਗਤਾਂ ਆਉਂਦੀਆਂ ਤੇ ਉਨ੍ਹਾਂ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦੀਆਂ ਹਨ।

## ਬੇਗਮ ਸਮਰੂ ਦਾ ਪਿਛੋਕੜ

ਦਿੱਲੀ ਦੇ ਮੁਗ਼ਲਸ਼ਾਹੀ ਪਰਿਵਾਰ ਵਲੋਂ ਥਾਪੇ ਹੋਏ ਨਵਾਬਾਂ ਵਿੱਚੋਂ ਇੱਕ 'ਸਰਧਨਾ' ਨਾ ਦੀ ਜਾਗੀਰ ਦਾ ਫਰਾਂਸੀਸੀ ਮੂਲ ਦਾ ਨਵਾਬ ਸਮਰੂ ਸੀ। ਇਸ ਨੇ ਸ਼ਾਹੀ ਪਰਿਵਾਰ ਦੀ ਲੜਕੀ ਨਾਲ ਵਿਆਹ ਕੀਤਾ ਹੋਇਆ ਸੀ। ਇਸ ਔਰਤ ਨੂੰ ਉਥੋਂ ਦੇ ਲੋਕ 'ਬੇਗਮ ਸਮਰੂ' ਕਹਿ ਕੇ ਬੁਲਾਂਦੇ ਸਨ। ਇਕ ਵਾਰ ਸਮਰੂ ਬੇਗਮ ਅਪਣੇ ਪੇਕਿਆਂ ਤੋਂ ਸੌਹਰੇ ਡੋਲੀ ਵਿੱਚ ਬੈਠ ਕੇ ਜਾ ਰਹੀ ਸੀ ਕਿ ਰਾਹ ਵਿੱਚ ਯਮੁਨਾ ਨਦੀ ਦੇ ਕੰਡੇ ਤੇ ਸਿੱਖ ਸਿਪਾਹੀਆਂ ਨੇ ਸੋਚਿਆ ਸ਼ਾਇਦ ਇਸ ਡੋਲੀ ਵਿੱਚ ਕੋਈ ਅਬਲਾ ਨਾਰੀ ਹੈ, ਜਿਸ ਨੂੰ ਇਹ ਕਹਾਰ ਜੋਰ- ਜ਼ੱਬਰ ਨਾਲ ਲੈ ਜਾ ਰਹੇ ਹਨ। ਤਦ ਕੀ ਸੀ ਸਿੱਖ ਫੌਜਿਆਂ ਨੇ ਕਹਾਰਾਂ ਦਾ ਪਿੱਛਾ ਕੀਤਾ। ਕਹਾਰਾਂ ਨੇ ਡੋਲੀ ਨੂੰ ਹੇਠਾਂ ਉਤਾਰਿਆਂ ਅਤੇ ਭੱਜ ਗਏ। ਔਰਤ ਨੇ ਜਦ ਸਿੱਖ ਫੌਜਿਆਂ ਨੂੰ ਵੇਖਿਆ। ਉਹ ਵੀ ਡਰ ਗਈ ਪਰ ਸਿੱਖ ਫੌਜਿਆਂ ਨੇ ਉਸ ਨੂੰ ਬਹੁਤ ਸਤਿਕਾਰ ਨਾਲ ਪੁਛਿਆ ਕਿ ਆਪਜੀ ਕੌਣ ਹੋ ਅਤੇ ਇਹ ਸ਼ਾਹੀ ਕਹਾਰ ਤੁਸਾਂ ਨੂੰ ਕਿਥੇ ਲੈ ਜਾ ਰਹੇ ਸਨ? ਉਸ ਔਰਤ ਨੇ ਬਹੁਤ ਧੀਰਜ ਨਾਲ ਉੱਤਰ ਦਿਤਾ। ਮੈਂ ਆਪਣੇ ਸੌਹਰੇ ਜਾ ਰਹੀ ਹਾਂ। ਸਿੱਖ ਫੌਜਿਆਂ ਦੀ ਗਲਤ ਫੈਮੀ ਦੂਰ ਹੋਈ। ਉਨ੍ਹਾਂ ਨੇ ਕਹਾਰਾਂ ਨੂੰ ਵਾਪਿਸ ਬੁਲਾਇਆ ਅਤੇ ਬਹੁਤ ਅਦਬ ਨਾਲ ਉਸ ਔਰਤ ਨੂੰ ਮੰਜਿਲ ਤੇ ਜਾਣ ਦੀ ਅਗਿਆ ਦੇ ਦਿਤੀ। ਸਮਰੂ ਬੇਗਮ ਨੇ ਸਿੱਖ ਫੌਜੀਆਂ ਤੋਂ ਬਹੁਤ ਪਿਆਰ ਨਾਲ ਪੁਛਿਆਂ ਤੁਸੀਂ ਕੌਣ ਹੋ? ਫੌਜੀਆਂ ਨੇ ਉੱਤਰ ਦਿੱਤਾ ਅਸੀਂ ਜੱਥੇਦਾਰ ਬਘੇਲ ਸਿੰਘ ਦੇ ਸਿਪਾਹੀ ਹਾਂ। ਇਸ ਗੱਲ ਤੇ ਉਹ ਬਹੁਤ ਹੈਰਾਨ ਹੋਈ। ਕਹਿਣ ਲੱਗੀ ਮੈਂ ਬਘੇਲ ਸਿੱਘ ਦੇ ਬਾਰੇ ਸੁਣਿਆ ਸੀ ਕਿ ਉਹ ਬਹੁਤ ਜ਼ਾਲਿਮ ਹੈ। ਫੌਜੀਆਂ ਨੇ ਕਹਿਆਂ :- ਸਰਦਾਰ ਬਘੇਲ ਸਿੰਘ ਜੀ ਬਹੁਤ ਬੀਰ ਯੌਧਾ ਹੁਣ ਦੇ ਨਾਲ-ਨਾਲ ਬਹੁਤ ਉੱਚੇ ਕਿਰਦਾਰ ਦੇ ਮਾਲਿਕ ਹਨ। ਬੇਗਮ ਨੇ ਕਹਿਆ ਮੈਂ ਉਨ੍ਹਾਂ ਨੂੰ ਮਿਲਣਾ ਚਾਹੁੰਦੀ

ਹਾਂ। ਫੌਜੀਆਂ ਨੇ ਉਸ ਨੂੰ ਦਸਿਆਂ ਕਿ ਤੁਸੀਂ ਉਨ੍ਹਾਂ ਨੂੰ ਕਦੇ ਭੀ ਮਿਲ ਸਕਦੇ ਹੋ। ਸਮਰੂ ਬੇਗਮ ਰਾਜਨੀਤੀ ਜਾਨਦੀ ਸੀ। ਬਹੁਤ ਪਿਆਰ ਭਰੇ ਮਹੋਲ ਵਿੱਚ ਦੋਨੋਂ ਨੇ ਵਿਚਾਰ ਵਟਾਦਰਾ ਕੀਤਾ ਗਿਆ। ਸਮਰੂ ਬੇਗਮ ਨੇ ਬਘੇਲ ਸਿੰਘ ਜੀ ਨੂੰ ਆਪਣਾ ਵੱਡਾ ਭਾਈ ਮੰਨ ਲਿਆ ਅਤੇ ਸਨਮਾਨ ਵਜੋਂ ਉਨਾਂ ਦੇ ਗੁਟ ਤੇ ਰਖੜੀ ਵੀ ਬੰਨ੍ਹੀ। ਸਰਦਾਰ ਬਘੇਲ ਸਿੰਘ ਨੇ ਉਸਨੂੰ ਬਹੁਤ ਸਾਰੇ ਉਪਹਾਰ ਦੇ ਕੇ ਵਿਦਾ ਕਿਤਾ।

**ਛਾਇ ਜਾਤੀ ਏਕਤਾ, ਅਨੇਕਤਾ ਵਿਲਾਇਹ ਜਾਤੀ, ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।।**
**ਪਾਪ ਪਰਪੱਕ ਜਾਤੇ ਧਰਮ ਧਸੱਕ ਜਾਤੇ, ਵਰਨ ਗਰਕ ਜਾਤੇ ਸਾਹਿਤ ਵਿਧਾਨ ਕੀ।।**
**ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ, ਰੀਤ ਮਿਟ ਜਾਤੀ ਕਥਾ ਵੇਦਨ ਪੁਰਾਨ ਕੀ।।**

**ਕਵੀ ਸੰਤੋਖ ਸਿੰਘ 'ਚੂੜਾਮਣੀ'**

**ਨਾ ਕਹੂੰ ਅਬ ਕੀ, ਨਾ ਕਹੂੰ ਜਬ ਕੀ, ਬਾਤ ਕਹੂੰ ਮੈਂ ਤਬ ਕੀ ।।**
**ਅਗਰ ਹੋਤੇ ਗੁਰੂ ਗੋਬਿੰਦ ਸਿੰਘ, ਸੁੰਨਤ ਹੋਤੀ ਸਭ ਕੀ।।** **ਕਵੀ:- (ਬਾਬਾ ਬੁੱਲ੍ਹੇ ਸ਼ਾਹ)**

# ਦਿੱਲੀ ਦਾ ਲਾਲ ਕਿੱਲਾ ਤਿਆਗਦੇ ਹੋਏ ਜੱਥੇਦਾਰ ਸਰਦਾਰ ਬਘੇਲ ਸਿੰਘ, ਦੂਜੇ ਜੱਥੇਦਾਰ ਅਤੇ ਖਾਲਸਾ ਫੌਜ



1. ਸੰਨ 1783 ਈਸਵੀ ਜਨਵਰੀ ਵਿੱਚ ਜੱਥੇਦਾਰ ਬਘੇਲ ਸਿੰਘ ਅਤੇ ਹੋਰ ਦੂਜੇ ਮਿਸਲਦਾਰਾਂ ਦੀ ਦਿੱਲੀ ਵਿੱਚ ਪ੍ਰਵੇਸ਼ ਕਰਣ ਲਈ ਇਕਤ੍ਰਤਾ ਵਾਲੀ ਥਾਂ ਨੂੰ ਸਿੰਘੂ ਬਾਡਰ ਆਖਿਆ ਜਾਂਦਾ ਹੈ।
2. ਸਮਸਤ ਮਿਸਲਦਾਰਾਂ ਦੇ ਘੋੜ ਸਵਾਰਾਂ ਦੀ ਕੁੱਲ ਗਿਣਤੀ ਤੀਹ ਹਜ਼ਾਰ (30000) ਸੀ। ਉਨ੍ਹਾਂ ਜਿਥੇ ਅਪਣੀ ਛਾਵਣੀ ਬਣਾਈ ਉਹ ਥਾਂ ਤੀਸ ਹਜ਼ਾਰੀ ਕੋਰਟ ਦੇ ਨਾਮ ਨਾਲ ਪ੍ਰਸਿਧ ਹੈ। ਜਿਸ ਦਾ ਸੇਹਰਾ ਖਾਲਸਾ ਪੰਥ ਨੂੰ ਜਾਂਦਾ ਹੈ।
3. ਅਜਮੇਰੀ ਦਰਵਾਜੇ ਦੀ ਦੀਵਾਰ ਵਿੱਚ ਤੋਪ ਦੇ ਗੋਲੇ ਨਾਲ ਮੋਰੀ ਕਰਕੇ ਖਾਲਸਾ ਫੌਜ ਦਿੱਲੀ ਅੰਦਰ ਪ੍ਰਵੇਸ਼ ਕਰ ਗਈ। ਉਸ ਗੇਟ ਨੂੰ ਮੋਰੀ ਗੇਟ ਆਖਿਆ ਜਾਂਦਾ ਹੈ। ਇਹ ਖਾਲਸਾ ਪੰਥ ਦੀ ਯਾਦਗਾਰ ਹੈ।
4. ਦਿੱਲੀ ਪ੍ਰਵੇਸ਼ ਦੀ ਖੁਸ਼ੀ ਵਿੱਚ ਸਿੱਖਾਂ ਨੇ ਕਈ ਦਿਨ ਮਿੱਠੀਆਇਆਂ ਵੰਡਿਆਂ ਉਸ ਥਾਂ ਨੂੰ ਮਿੱਠਾਈ ਵਾਲਾ ਬਜ਼ਾਰ ਆਖਿਆ ਜਾਂਦਾ ਹੈ। ਇਹ ਵੀ ਖਾਲਸਾ ਪੰਥ ਦੀ ਯਾਦਗਾਰ ਹੈ।

ਨੋਟ:- ਦਿੱਲੀ ਵਿੱਚ ਖਾਲਸਾ ਪੰਥ ਦੀਆਂ ਅਮਿੱਟ ਅਤੇ ਸਥਾਈ ਯਾਦਗਾਰਾਂ ਰਹਿੰਦੀ ਦੁਨਿਆ ਤਕ ਰਹੇਣਗੀਆਂ।

# website : www.sikhworld.info

## ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਪਿਆਰੇ ਗੁਰਮਤਿ ਦੇ ਪਾਠਕੋ ਆਪ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਆਪ ਜੀ ਨੂੰ ਹੁਣ ਕਿਸੀ ਵੀ **Library** ਵਿੱਚ ਜਾਣ ਦੀ ਜਰੂਰਤ ਨਹੀਂ ਰਹੀ, ਕਿਉਂਕਿ ਹੁਣ ਇਸ ਆਧੁਨਿਕ ਯੁਗ ਵਿੱਚ ਇਕ ਖਾਸ **Website** ਉਪਲਬਧ ਹੈ ਜਿਸ ਦਾ ਨਾ ਹੈ **www.sikhworld.info** ਇਹ **Website** ਮੂਲ ਰੂਪ ਵਿੱਚ ਸਿੱਖ ਇਤਿਹਾਸ ਦੀ ਹੈ, ਇਸ ਵਿੱਚ ਸਿੱਖ ਇਤਿਹਾਸ, ਬਹੁਤ ਵਿਸਥਾਰ ਰੂਪ ਅਤੇ ਰੋਚਕ ਸੈਲੀ ਵਿੱਚ ਦੋ ਭਾਸ਼ਾਵਾਂ, ਹਿੰਦੀ ਅਤੇ ਪੰਜਾਬੀ ਵਿੱਚ ਉਪਲਬਧ ਹੈ। ਇਸ ਦੇ ਪਹਿਲਾ ਭਾਗ ਸ਼੍ਰੀ ਗੁਰੂਨਾਨਕ ਦੇਵ ਜੀ ਤੋਂ ਲੈਕੇ ਸ਼੍ਰੀ ਗੁਰੂਗੋਬਿੰਦ ਸਿੰਘ ਜੀ ਤੱਕ ਦੂਜੇ ਭਾਗ ਵਿੱਚ ਬੰਦਾ ਸਿੰਘ ਬਹਾਦੁਰ ਤੋਂ ਲੈਕੇ ਅਜ਼ਾਦੀ ਤੱਕ ਦਾ ਹੈ। ਇਹ ਪੁਸਤਕਾਂ **Period wise & Serial wise** ਹਨ। ਇਸ ਤੋਂ ਇਲਾਵਾ ਗੁਰਬਾਣੀ ਅੰਤਾਖ਼ਰੀ ਮੁਕਾਬਲੇ, ਗੁਰੁਪੁਰਬ ਬੁਕਲੈੱਟ ਆਦਿ ਅਨੇਕਾਂ ਗੁਰਮਤਿ ਸਾਮਗ੍ਰੀ ਕਰਮਵਾਰ ਪਇਆ ਹੋਇਆਂ ਹਨ। ਇਹ ਸਾਰੀਆਂ ਪੁਸਤਕਾਂ **Down Load Free** ਹਨ। ਹੁਣ ਅਸੀਂ ਜੋ ਆਪ ਨੂੰ ਮਹਤਵ ਪੁਰਣ ਗੱਲ ਦਸਣ ਜਾ ਰਹੇ ਹਾਂ। ਓਹ ਇਹ ਹੈ ਕਿ ਇਸ **Website** ਦੇ **Main Links** ਵਿੱਚ ਇਕ ਫੌਜੀ ਨਾਵਲ (ਉਪਨਿਆਸ) ਮਿਤਰ ਮੰਡਲੀ ਹੈ ਜਿਸ ਵਿੱਚ ਸਾਰੇ ਭਾਰਤ ਦੇ ਸੈਨਿਕ ਭਾਵ ਇਹ ਦਖਿਣ ਅਤੇ ਉੱਤਰ ਭਾਰਤ ਦੇ ਹਿੰਦੂ, ਮੁਸਲਿਮ, ਸਿੱਖ ਅਤੇ ਈਸਾਈ ਇੱਕਠੇ ਬੈਰਿਕਾ ਵਿੱਚ ਮਿਲ-ਜੁਲ ਕੇ ਰਹਿੰਦੇ ਹਨ ਜੋ ਕਿ ਖਾਲੀ ਸਮੇਂ ਆਪਸ ਵਿੱਚ ਚੁਟਕਲੇ-ਸ਼ੇਇਰੋਂ -ਸ਼ੈਇਰੀ ਯਾ ਭੰਗੜਾ ਆਦਿ ਪਾਉਂਦੇ ਹਨ। ਉਨ੍ਹਾਂ ਦੀ ਜੀਵਨਸ਼ੈਲੀ (**Life Style**) ਪੜਨ ਯੋਗ ਹੈ, ਉਨ੍ਹਾਂ ਦੀ ਇਕ ਫੌਜ਼ੀ ਭਾਭੀ ਜੀ ਵੀ ਹਨ ਜੋਕਿ ਉਨ੍ਹਾਂ ਦਾ ਸਮੇਂ-ਸਮੇਂ ਮਾਰਗ ਦਰਸ਼ਨ ਕਰਦੀ ਹੈ। ਇਸ ਤਰ੍ਹਾਂ ਇਹ ਨਾਵਲ ਪੜਨੇ ਯੋਗ ਹੈ। ਇਹ ਜਿਥੇ ਮਨੋਰਜਨ ਕਰਦੀ ਹੈ ਉਥੇ ਗਿਆਨ ਵਰਧਕ ਅਤੇ ਭਰਾਤਰੀ ਪਿਆਰ ਵੀ ਵੰਡਦੀ ਹੈ।

**ਨੋਟ:- ਕ੍ਰਿਪਾ ਕਰਕੇ ਤੁਸੀਂ ਅਪਣੇ ਮੋਬਾਇਲ ਵਿੱਚ ਇਸ Sticker ਦੀ ਫੋਟੋ ਲੈ ਲਵੋ ਅਤੇ ਅਪਣੇ ਮਿੱਤਰਜਨਾਂ ਨੂੰ Whats App ਕਰ ਦੇਵੋ ਜੀ।**